## ਕਵਿਤਾ : ਮੋਹਨਜੀਤ

### • *ਚੇਤਿਆਂ ਦੇ ਵਰਕੇ*

ਪਿੰਡ ਜਾਣ ਵਾਲਾ ਟਾਂਗਾ
ਉੱਚਾ ਪੁਲ ਉਤਰ ਰਿਹਾ ਸੀ
ਟਾਂਗੇ ਵਾਲੇ ਨੇ ਛਾਂਟਾ ਲਹਿਰਾਇਆ, ਕਿਹਾ—
'ਚੱਲ ਓਏ ਘੋੜਿਆ ! ਹਿਟਲਰ ਦੀ ਚਾਲ ਚੱਲ ਓਏ !'

ਤਦੇ ਸਿਪਾਹੀ ਨੇ ਟਾਂਗਾ ਰੁਕਵਾਇਆ
ਖ਼ਾਲੀ ਕਰਵਾਇਆ
ਟਾਂਗੇ ਵਾਲੇ ਨੂੰ ਗਾਲ੍ਹ ਮੰਦਾ ਕਰਦਾ ਇਕ ਪਾਸੇ ਲੈ ਗਿਆ

ਉਨ੍ਹੀਂ ਦਿਨੀਂ ਹਿਟਲਰ ਦੀ ਵਡਿਆਈ ਦੀ ਗੱਲ
ਵੱਡੀ ਗੁਸਤਾਖ਼ੀ ਸੀ

ਉਦੋਂ ਇਨ੍ਹਾਂ ਗੱਲਾਂ ਦਾ ਮਤਲਬ ਕਿੱਥੇ ਆਉਂਦਾ ਸੀ !

ਉਦੋਂ ਤਾਂ ਸਕੂਲ 'ਚ ਦੁਆ ਵੇਲੇ ਬੋਲਦੇ ਸਾਂ :
'ਹਿਟਲਰ ਨੇ ਪੁੱਠੀਆਂ ਚਾਈਆਂ ਨੇ
ਬੇਦਰਦ ਕਰਾਈ ਹਿਟਲਰ ਨੇ
ਮੀਂਹ ਵਰ੍ਹਦਾ ਤੋਪਾਂ ਬਰਸਾਈਆਂ ਨੇ'

ਉਦੋਂ ਇਨ੍ਹਾਂ ਗੱਲਾਂ ਦਾ ਮਤਲਬ ਕਿੱਥੇ ਆਉਂਦਾ ਸੀ !

ਜਦੋਂ ਵੀ ਪਿੰਡ ਆਉਂਦੇ
ਦਰਬਾਰ ਸਾਹਿਬ ਜਾਂਦੇ
ਘੰਟਾ-ਘਰ ਵਾਲੇ ਪਾਸੇ
ਅਸੀਂ ਚੰਦ ਸੋਢੇ ਵਾਲੇ ਦੇ ਸੰਤਰੇ-ਵਿਮੋਟ ਦੇ ਗੋਲੀ ਵਾਲੇ ਬੱਤੇ ਪੀਂਦੇ
ਇਸ ਤੋਂ ਬਿਨਾਂ ਅੰਮ੍ਰਿਤਸਰ ਆਉਣਾ ਕਾਹਦਾ ਆਉਣਾ ਸੀ !
ਮੋਚੀ ਬਾਜ਼ਾਰ ਦੇ ਸਿਰੇ ਵਾਲਾ 'ਕੌਮੀ ਪੁਸਤਕ ਭੰਡਾਰ' ਅਜੇ ਨਹੀਂ ਸੀ ਖੁੱਲ੍ਹਿਆ
ਜਿਥੋਂ ਸਸਤਾ ਉੱਚਪਾਏ ਦਾ ਰੂਸੀ ਸਾਹਿਤ ਲੈ ਕੇ ਪੜ੍ਹਿਆ

ਸਵੇਰ ਵੇਲੇ ਦੁਆਵਾਂ ਪੜ੍ਹਦੇ
'ਮੁਝ ਕੋ ਤੇਰੀ ਜੁਸਤਜੂ
ਮੁਝ ਕੋ ਤੇਰੀ ਤਲਾਸ਼ ਹੈ...'
ਜਾਂ
'ਲਬ ਪੇ ਆਤੀ ਹੈ ਦੁਆ ਬਨ ਕੇ ਤਮੰਨਾ ਮੇਰੀ
ਜ਼ਿੰਦਗੀ ਸ਼ਮ੍ਹਾ ਕੀ ਸੂਰਤੇ ਹੋ, ਖ਼ੁਦਾਯਾ ਮੇਰੀ'
ਇਹ ਦੋਵੇਂ ਇਕਬਾਲ ਦੇ ਤਰਾਨੇ ਸਨ

ਚੇਤਿਆਂ ਦੇ ਉਧੜ-ਗੁਧੜੇ ਵਰਕਿਆਂ ਤੋਂ
ਵਕਤ ਨੇ ਬਹੁਤ ਕੁਝ ਮੇਟ ਦਿੱਤਾ ਹੈ

ਉਹੀ ਕੁਝ ਰਹਿ ਗਿਆ ਜੋ ਖੁਣਿਆ ਗਿਆ ਸੀ :
ਰੁੱਖੀਆਂ-ਖੁੱਥੀਆਂ ਸਵੇਰਾਂ
ਮੁੜ੍ਹਕੋ-ਮੁੜ੍ਹਦੀ ਦੁਪਹਿਰਾਂ
ਥੱਕੀਆਂ-ਟੁੱਟੀਆਂ ਸ਼ਾਮਾਂ
ਅੱਧ-ਨਿੰਦਰਾਈਆਂ ਰਾਤਾਂ

ਸੁਪਨੇ ਕਿੱਥੇ ਸਨ ?

ਗਰਦਿਸ਼ ਦਾ ਰੇਤ-ਛਲ ਹੀ ਸੁਪਨ-ਸੰਸਾਰ ਸੀ
ਜਿੰਨਾ ਕੁ ਹੱਸਿਆ ਗਿਆ, ਹੱਸੇ ਹੋਵਾਂਗੇ
ਯਾਰਾਂ ਨਾਲ ਸੱਜੀਆਂ ਹੋਣਗੀਆਂ ਮਹਿਫ਼ਲਾਂ
ਸਸਤੇ ਢਾਬਿਆਂ ਦੀ ਆਪਣੀ ਦੁਨੀਆ ਹੈ
ਦੁੱਖ ਦੀਆਂ ਘੜੀਆਂ ਉਂਜ ਕਿੱਥੇ ਲੰਘਦੀਆਂ

ਤੀਜੀ ਜਮਾਤ ਵਿਚ ਚੜ੍ਹਨ ਵਾਲਾ ਸਾਂ
                    ਪਿੰਡੋਂ ਅੰਮ੍ਰਿਤਸਰ ਆਉਣਾ ਪਿਆ
ਹਾਲ ਬਾਜ਼ਾਰ ਦੇ ਨਾਲ ਸੀ ਪਸ਼ਮ ਵਾਲਾ ਬਾਜ਼ਾਰ
ਜਿਥੇ ਰੈਗਜ਼ ਦੀ ਦੁਕਾਨ ਸੀ ਕਿਸੇ ਰਿਸ਼ਤੇਦਾਰ ਸੀ
ਇਥੇ ਬਾਪ ਨੂੰ ਨੌਕਰੀ ਕਰਨੀ ਪਈ
ਸਕੂਲ ਤੋਂ ਬਾਅਦ ਮੈਂ ਵੀ ਇਥੇ ਆ ਬਹਿੰਦਾ
ਸੁਪਨਿਆਂ ਦਾ ਰੰਗ ਬਦਲ ਗਿਆ
ਬੜੇ ਥੋੜ੍ਹ-ਚਿਰੇ ਸਨ ਪਰ ਇਹ ਸੁਪਨੇ
ਚੰਗਾ ਥੋੜ੍ਹ-ਚਿਰਾ ਈ ਹੁੰਦਾ ਸ਼ਾਇਦ

ਮੌਸਮ ਬਦਲਣ ਲੱਗਾ
ਲਾਲ ਸੂਹੀ ਤੇ ਫਿਰ ਕਾਲੀ ਹੋਣ ਲੱਗੀ ਹਨੇਰੀ
ਨੀਂਦਾਂ ਉੱਡ ਗਈਆਂ
ਸਾਹ ਸੁੱਕ ਗਏ
ਕੱਲ੍ਹ ਦਾ ਕਿਸ ਨੂੰ ਪਤਾ ਸੀ !
ਪਹਿਲਾਂ ਰਾਤ ਵੇਲੇ
ਫਿਰ ਦਿਨ ਵੇਲੇ ਵੀ ਲੱਗਣ ਲੱਗਾ ਕਰਫ਼ਿਊ
ਡਰੇ ਲੋਕ ਛੱਤਾਂ 'ਤੇ ਆ ਕੇ ਸੁਣਦੇ
ਸ਼ਹਿਰ ਦੇ ਵੱਖ-ਵੱਖ ਪਾਸਿਓਂ ਨਾਅਰੇ ਲੱਗਦੇ—
                              ਹੈਦਰ ਯਾ ਅਲੀ !
                              ਹਰ ਹਰ ਮਹਾਂਦੇਵ !
                              ਬੋਲੇ ਸੋ ਨਿਹਾਲ !
ਨੌਬਤਾਂ ਨਗਾਰੇ ਵੱਜਦੇ
ਦਿਲ ਧੜਕਦੇ
ਹੁਣ ਅੱਗਾਂ ਦੀ ਵਾਰੀ ਸੀ
ਚੌਫ਼ੇਰੇ ਭਾਂਬੜ ਮੱਚ ਪਏ
ਗਲੀਆਂ ਨੂੰ ਫ਼ੌਲਾਦੀ ਦਰਵਾਜ਼ੇ ਲੱਗ ਗਏ
ਹਰ ਕਿਸੇ ਕੋਲ ਕੋਈ ਨਾ ਕੋਈ ਹਥਿਆਰ ਸੀ

ਭਲਾ ਇਹ ਹਥਿਆਰ ਰੱਖਣ ਦੀ ਆਜ਼ਾਦੀ ਸੀ ?
ਜਾਂ ਆਜ਼ਾਦੀ ਲਈ ਹਥਿਆਰ ਸਨ ?
ਕਰਫ਼ਿਊ ਤੋਂ ਬਾਅਦ ਮਾਰਸ਼ਲ ਲਾਅ
ਹਿਜਰਤ ਕਰਨ ਵਾਲਿਆਂ ਦੇ ਬੇਖ਼ੌਫ਼ ਲਾਂਘੇ ਲਈ

ਕਿੰਨਾ ਕੁਝ ਜੋ ਚੰਗਾ ਚੰਗਾ ਸੀ ਗੁੰਮ ਗੁਆਚ ਗਿਆ
ਸੜ ਕੇ ਸੁਆਹ ਹੋ ਗਿਆ ਸੀ
ਪਸ਼ਮ ਵਾਲਾ ਬਾਜ਼ਾਰ, ਕਰਮੋ ਡਿਉਢੀ
ਜੈਮਲ ਸਿੰਘ ਦਾ ਕਟੜਾ
ਅੱਧੇ ਤੋਂ ਬਹੁਤਾ ਹਾਲ ਬਾਜ਼ਾਰ, ਸ਼ਰੀਫ਼ਪੁਰਾ
ਭਗਤਾਂ ਵਾਲਾ...ਤੇ...ਤੇ
ਮਲਬਾ ਹੋ ਗਈ ਸੀ ਗੋਲ ਹੱਟੀ ਦੇ ਸਾਹਮਣੇ ਵਾਲੀ
ਵੱਡੇ ਹਕੀਮ ਸਾਹਿਬ ਦੀ ਸ਼ਰਬਤਾਂ, ਮਾਜੂਨਾ ਵਾਲੀ ਦੋ ਮੰਜ਼ਲੀ ਇਮਾਰਤ
ਮਲਬੇ 'ਚੋਂ ਝਾਕ ਰਿਹਾ ਸੀ ਹਕੀਮ ਸਾਹਿਬ ਦਾ ਚਿਹਰਾ
ਤੇ ਉਹ ਜੋ ਕਰਾਚੀ ਤੋਂ ਆਉਂਦੇ ਰੈਗਜ਼ ਦੀ ਦੁਕਾਨ ਸੀ, ਭਰੀ-ਭੁਕੰਨੀ
ਜਿਥੇ ਬਾਪ ਬੈਠਦਾ ਸੀ
ਪਈ ਸੀ ਉਸ ਵਿਚ ਸੜੀ ਹੋਈ, ਵਿੰਗ-ਤੜਿੰਗੀ ਗੜਵੀ, ਕਿੱਲ-ਕਾਂਟੇ
ਕੰਧਾਂ 'ਚ ਫਸੇ ਟੇਢੇ-ਮੇਢੇ ਗਾਰਡਰ
ਹੋਰਨੀਂ ਥਾਈਂ ਵੀ ਏਦਾਂ ਦਾ ਨਜ਼ਾਰਾ ਸੀ
ਸਾਹਮਣੇ ਵੇਖਿਆ
ਚੌਮੰਜ਼ਲੇ ਦੀ ਤੀਜੀ ਛੱਤ ਦੀ ਇਕ ਕੰਧ ਨਾਲ
ਸੰਗਲੀ ਨਾਲ ਲਟਕ ਰਹੀ ਸੀ ਸੜੀ ਹੋਈ ਬੱਕਰੀ
ਹਿਜ਼ਰਤ ਕਰ ਗਿਆਂ ਦੀ ਨਿਸ਼ਾਨੀ

ਗ਼ਾਇਬ ਸਨ ਰੇਸ਼ਮੀ ਬੁਰਕੇ
ਅਫ਼ਗਾਨੀ ਵਾਸਕਟਾਂ, ਸਲਵਾਰਾਂ
ਪਸ਼ੌਰੀ ਪਗੜੀਆਂ, ਗੱਭਰੂਆਂ ਦੇ ਗਲਾਂ ਵਿਚਲੇ ਰੇਸ਼ਮੀ ਰੁਮਾਲ
ਗੂੜ੍ਹੇ ਪੀਲੇ ਜ਼ਰਦੇ
ਕੰਧਾਰੀ ਅਨਾਰ, ਚਮਨ ਦੇ ਅੰਗੂਰ
ਧੱਦਰ-ਚੰਬਲ ਦੀ ਮੱਲ੍ਹਮ ਵੇਚਣ ਵਾਲਾ ਨਜ਼ਰ-ਵਿਹੂਣਾ ਕਾਦਰ ਬਾਬਾ
ਏਥੇ ਈ ਤਾਂ ਹੁੰਦੀ ਸੀ ਅੰਮ੍ਰਿਤ ਟਾਕੀ
ਜਿਥੇ ਵੇਖੀ ਸੀ 'ਅਨਮੋਲ ਘੜੀ'

ਕੁਝ ਗਲੀਆਂ ਪਰ੍ਹੇ
ਮਹਿਰਾਬੀ ਵਾਧਿਆਂ ਵਾਲੇ ਤਿਮੰਜ਼ਲੇ ਚੌਮੰਜ਼ਲੇ ਸਨ
ਜਿਨ੍ਹਾਂ 'ਤੇ ਤਣੀਆਂ ਰਹਿੰਦੀਆਂ ਸਨ ਖਸ ਦੀਆਂ ਚਿਕਾਂ, ਰੰਗੀਨ ਪਰਦੇ
ਏਥੇ ਰਾਤਾਂ ਵੇਲੇ ਦਿਨ ਚੜ੍ਹਦਾ
ਸ਼ਹਿਰ ਦੇ ਮਹਜ਼ਬ ਲੋਕਾਂ ਦਾ ਤਫ਼ਰੀਹੀ ਵੇਲਾ ਹੁੰਦਾ
ਚੋਰ ਯਾਰ ਇਕ ਦੂਜੇ ਤੋਂ ਕਤਰਾਉਂਦੇ
ਰਾਤ ਦੀ ਰਾਣੀ, ਇਤਰ ਫੁਲੇਲ
ਮਹਿਕਦੇ ਪਾਨਾਂ ਦੀ ਖ਼ੁਸ਼ਬੂ ਉੱਡਦੀ

ਉਜਾੜੇ ਤੋਂ ਪਿੱਛੋਂ
ਜਦ ਵੀ ਕਦੇ ਏਧਰੋਂ ਲੰਘਿਆ
ਘੁੰਗਰੂਆਂ ਦੇ ਛਣਕਣ ਦੀ ਆਵਾਜ਼ ਫ਼ਿਜ਼ਾ 'ਚ ਗੂੰਜਦੀ ਲੱਗਦੀ

ਇਨ੍ਹਾਂ ਬਾਜ਼ਾਰਾਂ 'ਚ ਹੀ ਕਿਤੇ
ਸਦੀ ਪਹਿਲਾਂ ਵੇਲੇ ਦੀ ਸਭ ਤੋਂ ਸੁੰਦਰ ਨਾਰ ਮੋਰਾਂ ਦਾ ਡੇਰਾ ਸੀ
ਮਹਾਰਾਜਾ ਰਣਜੀਤ ਸਿੰਘ ਦੀ ਚਹੇਤੀ ਸੀ ਮੋਰਾਂ
ਹਾਥੀ ਦੀ ਸਵਾਰੀ ਕਰਦੀ
ਕਹਿੰਦੇ ਰੋਪੜ ਦੀ ਸੰਧੀ ਵੇਲੇ
ਜਦੋਂ ਲਾਟ ਨੇ ਆਪਣੀ ਮੇਮ ਦਾ ਬੇੜੀ ਤੋਂ ਉਤਾਰਨ ਲਈ ਹੱਥ ਥੰਮਿਆ
ਮਹਾਰਾਜੇ ਨੇ ਠੰਡਾ ਸਾਹ ਭਰਿਆ
ਆਪਣੇ ਅਰਜ਼ੀ-ਨਵੀਸ ਸੋਹਨ ਲਾਲ ਸੂਰੀ ਨੂੰ ਕਿਹਾ—
ਸੋਹਨ ਲਾਲਾ !
ਅੱਜ ਜੇ ਮੋਰਾਂ ਹੁੰਦੀ
ਅਸੀਂ ਵੀ ਏਦਾਂ ਉਹਦਾ ਹੱਥ ਥੰਮਦੇ

ਪਸ਼ਮ ਵਾਲੇ ਬਾਜ਼ਾਰ ਤੋਂ ਦੋ ਕੁ ਫਰਲਾਂਗ ਦੂਰ ਟਾਊਨ ਹਾਲ ਸੀ
ਦਿਉਕੱਦ ਮਹਿਰਾਬ ਵਾਲੀ ਡਿਉਢੀਦਾਰ ਇਮਾਰਤ
ਬਸਤੀਵਾਦੀ ਦੌਰ ਦੀ ਨਿਸ਼ਾਨੀ, ਸੱਤਾ ਦਾ ਵੈਭਵ
ਥੋੜ੍ਹਾ ਕੁ ਪਰ੍ਹਾਂ ਸਾਰਾਗੜ੍ਹੀ ਦਾ ਗੁਰਦੁਆਰਾ
ਸਾਹਮਣੇ ਚਿੱਟੇ ਸੰਗਮਰਮਰ ਦਾ ਮਲਕਾ ਵਿਕਟੋਰੀਆ ਦਾ ਬੁੱਤ
ਇਹਦੇ ਐਨ ਸਾਹਮਣੇ ਸੀ
ਜਲ੍ਹਿਆਂ ਵਾਲੇ ਬਾਗ਼ ਦਾ ਤੰਗ ਪ੍ਰਵੇਸ਼ ਦੁਆਰ

ਚੇਤਿਆਂ ਦੇ ਵਰਕਿਆਂ 'ਤੇ ਖੁਣੀਆਂ ਨੇ
ਟਾਊਨ ਹਾਲ ਦੀ ਲਾਇਬ੍ਰੇਰੀ 'ਚ ਅਕਸਰ ਗੁਜ਼ਰੀਆਂ ਸ਼ਾਮਾਂ
ਇਥੋਂ ਹੀ ਉਹ ਪੈੜਾਂ ਲੱਭੀਆਂ
ਜੋ ਪੈਰ ਪੈਰ 'ਤੇ ਪੜੁੱਲ ਬਣੀਆਂ

ਸੁਲਤਾਨਵਿੰਡ ਗੇਟ ਤੋਂ ਫਰਲਾਂਗ ਕੁ ਦੀ ਵਿੱਥ 'ਤੇ ਸੀ ਬਹਾਦਰਨਗਰ
ਪਿੰਡੋਂ ਆ ਕੇ ਇਥੇ ਹੀ ਟਿਕਾਣਾ ਕੀਤਾ
ਥੋੜ੍ਹੇ ਚਿਰ ਪਿੱਛੋਂ ਹੀ 'ਰੌਲੇ' ਪੈ ਗਏ
ਕੋਈ 'ਹੱਲੇ' ਕਹਿੰਦਾ ਕੋਈ 'ਉਜਾੜਾ'
ਸੰਤਾਲੀ ਦੀ ਵੰਡ ਜਾਂ ਦੇਸ ਦਾ ਬਟਵਾਰਾ

ਦਿਨ ਰਾਤ ਕਰਫ਼ਿਊ ਲੱਗਦਾ
ਘਰਾਂ 'ਚ ਕੈਦ ਹੋ ਗਏ
ਲੋਕ ਘਰਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਵੇਖਦੇ
ਬੈਲ ਗੱਡੀਆਂ ਦੀਆਂ ਲੰਮੀਆਂ ਕਤਾਰਾਂ
ਬੇਕਸਾਂ, ਮਜ਼ਲੂਮਾਂ ਦੇ ਕਾਫ਼ਲੇ
ਸਹਿਮੇ ਬਚਪਨ
ਵਿੰਨ੍ਹੀਆਂ ਜਵਾਨੀਆਂ
ਨਿਤਾਣੇ ਬੁਢਾਪੇ

ਸਾਰਾ ਕੁਝ ਇਕੱਠ ਇਕੋ ਥਾਂ
ਸਦੀਆਂ ਦਾ ਵਿਰਸਾ
ਉਮਰਾਂ ਦੀ ਸਾਂਝ, ਭਾਈਚਾਰਾ, ਮੁਹੱਬਤ

ਬੈਲਗੱਡੀਆਂ ’ਤੇ ‘ਆਜ਼ਾਦੀ’ ਲੱਦ ਕੇ ਜਾ ਰਹੇ ਸਨ ਥੱਕੇ ਹਾਰੇ ਲੋਕ
ਗੱਡਿਆਂ ’ਚ ਕਿਤੇ ਕੋਈ ਬੱਕਰੀ ਵੀ ਸੀ, ਮੇਮਣਾ ਜਾਂ ਲੇਲਾ
ਪੱਠਿਆਂ ਦੀਆਂ ਭਰੀਆਂ
ਗੱਠੜੀਆਂ ’ਚ ਤੁੰਨਿਆ ਨਿੱਕ-ਸੁੱਕ
ਕਿੱਥੇ ਜਾ ਰਹੇ ਸਨ ਘਰੋਂ ਬੇਘਰ ਹੋ ਕੇ
ਕਿੱਥੇ ਸੀ ਆਜ਼ਾਦੀ ਦੀ ‘ਸਤਰੰਗੀ’
ਬੈਲਗੱਡੀਆਂ ’ਤੇ ‘ਕੌਮ’ ਲੱਦ ਕੇ ਜਾ ਰਹੇ ਸਨ, ‘ਮਜ਼ਹਬ’ ਲੱਦ ਕੇ
ਲੈ ਕੇ ਚੱਲੇ ਸਨ ‘ਦੀਨ’
ਆਪਣੇ ਹਿੱਸੇ ਦਾ ਅਸਮਾਨ
ਆਪਣੇ ਹਿੱਸੇ ਦੀ ਜ਼ਮੀਨ

ਇਹ ਜੋ ਦਿਸ ਰਹੀਆਂ ਸਨ ਉਦਾਸ ਚੁੰਨੀਆਂ
ਪੁਗਾ ਕੇ ਚੱਲੀਆਂ ਸਨ ਸੌਹਾਂ ਜਾਂ ਪੁਗਾਉਣ ਚੱਲੀਆਂ ਸਨ ?
ਗੱਡਿਆਂ ਦੇ ਪਿੱਛੇ ਜੋ ਜਾ ਰਹੇ ਸਨ ਗੱਭਰੂ
ਕੌਲ ਪੂਰੇ ਕਰ ਚੁੱਕੇ ਸਨ ?
ਜਾਂ ਵਿਚੇ ਛੱਡ ਆਏ ਸਨ ’ਕਰਾਰ
ਗੱਡਿਆਂ ’ਚ ਹੋਣਗੇ ਦੀਵੇ ਲਾਲਟੈਨਾਂ
ਇਨ੍ਹਾਂ ’ਚ ਰੱਖੀ ਦੌਲਤ ਦੀ ਰਾਖੀ ਲਈ
ਚੇਤਿਆਂ ਦੀ ਰਾਖੀ ਲਈ ਵੀ ਤਾਂ ਹੋਣਗੇ ਦੀਵੇ !
ਜੋ ਜਗਦੇ ਤਾਂ ਨੇ, ਦਿਸਦੇ ਨਹੀਂ

ਤੁਰੀਆਂ ਜਾ ਰਹੀਆਂ ਨੇ ਬੈਲਗੱਡੀਆਂ ਵਾਹਗੇ ਵੱਲ
ਵਾਹਗਾ ਜਿਸ ਦੇ ਪਾਰ ਆਜ਼ਾਦੀ ਸੀ
ਜਿਸ ਦੇ ਉਸਾਰ ਆਜ਼ਾਦੀ ਸੀ
ਤੇ ਵਿਚਕਾਰ ਲੀਕ ਸੀ, ਰੀਹ ਦੀ ਪੀੜ ਵਰਗੀ
ਲੱਖਾਂ ਲੋਕਾਂ ਦੀਆਂ ਮੋਈਆਂ ਹਸਰਤਾਂ ਦੀ ਨਿਸ਼ਾਨੀ
ਤੁਰੇ ਜਾ ਰਹੇ ਸਨ ਨੰਗੇ ਪੈਰ
ਦੁਖਦੀਆਂ ਬਿਆਈਆਂ
ਵੀਰਾਨ ਮੀਢੀਆਂ
ਰੋਂਦੀਆਂ ਮਾਵਾਂ
ਵਿਲਕਦੇ ਬਾਲ

ਹਿਜ਼ਰਤ ਕਰਨ ਵਾਲੇ ਹਰ ਥਾਂ ਇਕੋ ਜਿਹੇ ਹੁੰਦੇ
ਇਕੋ ਜਿਹੇ ਮੱਥੇ
ਇਕੋ ਜਿਹੇ ਲੇਖ
ਫੁੱਟੀਆਂ ਗੱਲਾਂ
ਟੁੱਟੀਆਂ ਆਸਾਂ
ਖ਼ਾਲੀ ਅੱਖਾਂ

ਲੱਤਾਂ 'ਚ ਖੱਲੀਆਂ
ਅੱਖਾਂ 'ਚ ਰੜਕਾਂ

ਹਿਜ਼ਰਤ ਕਰਨ ਵਾਲਿਆਂ ਦੇ ਦੁੱਖ ਸਾਂਝੇ
ਸਿਖ਼ਰ ਤੋਂ ਡਿੱਗੇ
ਮੁੱਢ ਤੋਂ ਜੀਣਾ ਸ਼ੁਰੂ ਕਰਦੇ
ਆਪਣੇ ਲੇਖ ਆਪ ਲਿਖਦੇ
ਅਸਮਾਨ ਦੀ ਛੱਤ ਹੇਠਾਂ
ਧਰਤੀ ਨਾਲ ਗਲੋੜੀਆਂ ਕਰਦੇ

'ਪਾਪ ਦੀ ਗੰਢ' ਵਾਲੇ ਵੀ
ਲੀਕ ਦੇ ਆਸੇ-ਪਾਸੇ ਖੰਗੂਰਦੇ
ਭਵਨਾਂ 'ਚ ਬਸੇਰਾ ਕਰਦੇ
ਵਾਅਦਿਆਂ ਦੇ ਗ਼ੁਬਾਰੇ ਛੱਡਦੇ
ਜ਼ਮੀਨ ਅਸਮਾਨ ਕੱਛਦੇ
ਉਨ੍ਹਾਂ ਦਾ ਮੌਸਮ ਵੀ ਸਾਫ਼
ਪਾਣੀ ਵੀ
ਇੱਛਿਆਧਾਰੀ—ਆਦਮ ਬੋ ! ਆਦਮ ਬੋ ! ਕਰਦੇ
ਪਰਿਵਾਰਵਾਦੀ
ਯੱਬਲ, ਬਘਲੋਲ, ਅੱਧਪੜ੍ਹ ਔਲਾਦਾਂ
ਕਿਸੇ ਨੇ ਮਾਂ ਦੀ ਉਂਗਲ ਫੜੀ
ਕਿਸੇ ਨੇ ਪਿਓ ਦਾ ਹੱਥ ਫੜਿਆ
ਦੇਸ ਦੇ ਵੱਡੇ ਹਾਕਮ ਬਣਨ ਦੇ ਸੁਪਨੇ ਵਿੰਹਦੇ
ਬੇਇਲਮੀ ਦੇ ਧੁਤੂ ਵਜਾਉਂਦੇ
ਧਰਮ ਨੂੰ ਸੱਤਾ ਦਾ ਪੜੁੱਲ ਬਣਾਉਂਦੇ
ਸਾਧ ਸੰਤ ਪਾਣੀ ਭਰਦੇ
ਹਿੱਕ 'ਤੇ ਤਗ਼ਮੇ ਧਰਦੇ

ਜਦੋਂ ਜੀਅ ਚਾਹੇ ਵਾਹਗਾ ਲੰਘਦੇ
ਆਰ-ਪਾਰ ਲੁਕਣ-ਮੀਟੀ ਖੇਡਦੇ
ਕਹਿੰਦੇ : ਉੱਤਰ ਕਾਟੋ ਮੈਂ ਚੜ੍ਹਾਂ
ਚੜ੍ਹਦੇ-ਉਤਰਦੇ, ਉਤਰਦੇ-ਚੜ੍ਹਦੇ

ਵਾਹਗੇ ਬੂਟਾਂ ਦੀ ਸਲਾਮੀ ਹੁੰਦੀ
ਬੂਟ ਇਕ ਦੂਜੇ ਨੂੰ ਸਲਾਮੀ ਦੇਂਦੇ
ਕੱਸੇ ਹੋਏ
ਤਣੇ ਹੋਏ
ਚਿਹਰੇ ਇਕ ਦੂਜੇ ਨੂੰ ਘੂਰਦੇ
ਮਿੱਟੀ ਉੱਡਦੀ
ਲੋਕ ਤਾੜੀਆਂ ਮਾਰਦੇ
ਨਾਅਰੇ ਲਾਉਂਦੇ

ਇਸ ਲਈ ਕਿ ਦੇਸ ਵੰਡਿਆ ਗਿਆ ?

ਲੱਖਾਂ ਲੋਕ ਮੌਤ ਦੇ ਕੁੰਡ ਨੇ ਨਿਗਲ ਗਏ ?
ਉੱਜੜ ਗਏ ਮੁਰੱਬੇ ?
ਸੜ ਗਏ ਕੁੱਲੇ ?
ਲੁੱਟੇ ਗਏ ਸੁਹਾਗ ?
ਔਰਤਾਂ ਦੇ ਥਣ ਵੱਢੇ ਗਏ
ਗਰਭਵਤੀਆਂ ਦੇ ਢਿੱਡ ਪਾਟੇ ਗਏ ?
ਭਰੂਣ ਬਰਛਿਆਂ ’ਤੇ ਟੰਗੇ ਗਏ ?

ਸਾਰਾ ਦੇਸ ਵੇਖਣ ਆਉਂਦਾ ਹੈ ਲੀਕ
ਜਿਸ ਦੇ ਆਰ-ਪਾਰ ਤਾਂਡਵ ਨੱਚਿਆ ਗਿਆ
ਗੁਰਦੇਵ ਰੁਪਾਣਾ ਦੀ ਕਹਾਣੀ ‘ਸ਼ੀਸ਼ਾ’ ’ਚੋਂ
ਹੁਣ ਵੀ ਇਕ ਬੰਦੇ ਦੇ ਹੱਥੋਂ ਵੱਢੇ ਗਏ ਕਈ ਬੱਚਿਆਂ ਦੇ ਟੋਟੇ ਦਿਸਦੇ
ਟੋਭਾ ਟੇਕ ਸਿੰਘ ਦਾ ਬਚਨ ਸਿੰਘ
ਅਜੇ ਵੀ ਕਮਲਾ ਹੋਇਆ ਫਿਰ ਰਿਹਾ
ਤੇ ਲੋਕ ਬੂਟਾਂ ਦੀ ਸਲਾਮੀ ਵਿੰਹਦੇ...

ਵਰ੍ਹੇ ਬੀਤ ਗਏ
ਮੋਹ ਦਾ ਹਰਿਆ ਬੂਟ ਵੇਖਣ ਲਈ
ਮੇਰੀ ਤਮੰਨਾ
ਅੱਜ ਵੀ ਬਰਕਰਾਰ !
ਬੇਕਰਾਰ !!

•

**ਸੰਪਰਕ** : 098113-98223

## ਕਵਿਤਾਵਾਂ : ਗੁਰਚਰਨ

### • *ਰਣ-ਭੂਮੀ*

ਕੇਹੀ ਚੰਦਰੀ 'ਵਾ ਵਗ ਰਹੀ ਹੈ
ਕਿੰਨਾ ਕੁਝ ਗਲ-ਸੜ ਗਿਆ
ਕੁਝ ਲਾਸ਼ਾਂ ਅਗਨ ਸਪੁਰਦ ਕਰਨੀਆਂ ਨੇ
ਕੁਝ ਖ਼ਾਕ ਸਪੁਰਦ
ਕਿੰਨੀ ਜ਼ਹਿਰੀਲੀ ਹੋ ਗਈ ਹਵਾ !
ਪੈਂਡਿਆਂ 'ਤੇ ਤੁਰਨਾ ਵੀ ਹੋ ਗਿਆ ਮੁਸ਼ਕਿਲ

ਉਹ ਕਹਿੰਦੇ ਨੇ ਗਿਆਨ ਦਾ ਸੂਰਜ ਉਦੈ ਹੋ ਗਿਆ
ਚੰਦ, ਮੰਗਲ ਫ਼ਤਹਿ ਹੋ ਗਿਆ
ਫਿਰ ਉਹ ਕੌਣ ਨੇ
ਠੰਡੇ ਚੁੱਲ੍ਹਿਆਂ 'ਚੋਂ ਅੰਗਿਆਰ ਭਾਲਦੇ
ਮਜ਼ਾਰਾਂ 'ਤੇ ਦੀਵੇ ਬਾਲਦੇ !

ਕੌਣ ਨੇ ਪਿਤਰਾਂ ਨੂੰ 'ਵਾਜਾਂ ਮਾਰਦੇ
ਗੰਗਾ ਦਾ ਪਾਣੀ ਗੰਧਾਲਦੇ !

ਇਸ ਚੰਦਰੀ 'ਵਾ ਦਾ ਕੀ ਕਰੀਏ
ਕਿਹੜੀ ਦਿਸ਼ਾ ਵੱਲ ਤੁਰੀਏ

ਉਹ ਕਹਿੰਦੇ ਨੇ ਸਮੇਂ ਨੂੰ ਨੱਥ ਪਾਉਣੀ ਹੈ
ਮਿੱਟੀ ਸੋਨਾ ਬਣਾਉਣੀ
ਅੰਬਰਾਂ ਨੂੰ ਟਾਕੀ ਲਾਉਣੀ ਹੈ
ਪਰ ਬਾਗ਼ਾਂ 'ਚ ਕੰਕਰੀਟ ਉੱਗ ਆਇਆ ਹੈ
ਜਿੰਨੇ ਵੀ ਫੁੱਲ ਖਿੜਦੇ ਨੇ
ਗਮਲਿਆਂ 'ਚ ਉੱਗੇ ਪੌਦਿਆਂ 'ਤੇ ਖਿੜਦੇ ਨੇ
ਤਿੱਖੇ ਰੰਗਾਂ ਵਾਲੇ, ਮਹਿਕ ਵਿਹੂਣੇ
ਤਿਤਲੀਆਂ, ਭੌਰੇ ਪਰਾਗ-ਕਣਾਂ ਦੀ ਭਾਲ ਵਿਚ ਖ਼ੌਰੇ ਕਿਧਰ ਤੁਰ ਗਏ

ਕਿੱਕਰ 'ਤੇ ਲਟਕਦਾ ਬਿਜੜੇ ਦਾ ਆਲ੍ਹਣਾ
ਕਿਸ ਨੇ 'ਘਰ' ਦੀ ਦੀਵਾਰ 'ਤੇ ਸਜਾ ਦਿੱਤਾ
ਪਰਿੰਦੇ ਤਾਂ ਚੋਗਾ ਚੁਗਣ ਲਈ ਪਰਦੇਸੀਂ ਉੱਡ ਗਏ
ਸੱਖਣੀ ਦੀਵਾਰ 'ਤੇ ਸੱਖਣਾ ਆਲ੍ਹਣਾ ?
ਮਿਰਗ-ਛਲੀਆਂ ਮਗਰ ਕਿੱਥੋਂ ਤਕ ਤੁਰਾਂਗੇ ?
ਕਦੋਂ ਤਕ ਪਾਣੀਆਂ 'ਚੋਂ ਪਰਛਾਵੇਂ ਫੜਾਂਗੇ ?
ਕਿਹੜੀ ਮਿੱਟੀ ਨੂੰ ਆਪਣੀ ਮਾਂ ਕਹਾਂਗੇ ?

ਰਣ-ਭੂਮੀ 'ਚ ਹਰ ਕੋਈ ਲੜ ਰਿਹਾ ਹੈ
ਆਪੋ-ਆਪਣਾ ਅੰਬਰ ਲੱਭ ਰਿਹਾ ਹੈ

ਥੱਕ-ਹਾਰ ਕੇ ਬੁੱਧ ਨੂੰ ਪੁੱਛਦਾ ਹਾਂ—

ਰਣ-ਭੂਮੀ 'ਚੋਂ ਆਇਆ ਹਾਂ—
ਤੇਰੀ ਸ਼ਰਨ ਚਾਹੁੰਦਾ ਹਾਂ

ਉਹ ਬੋਲਦਾ ਹੈ—
ਥੱਕਿਆ ਜਾਪਦਾ ਏਂ
ਸਗਲੀ ਧਰਤ ਹੀ ਰਣ-ਭੂਮੀ ਏ
ਜੂਝਣਾ ਬੰਦੇ ਦਾ ਕਰਮ
ਮੈਂ ਵੀ ਸ਼ਾਂਤੀ ਦੀ ਭਾਲ ਵਿਚ ਭਟਕਿਆ
ਘਰ-ਦਰ ਤਿਆਗਿਆ
ਕਿੰਨਾ ਪੈਂਡਾ ਝਾਗਿਆ
ਜੰਗਲਾਂ, ਕੰਦਰਾਂ ਨੂੰ ਛਾਣਿਆ
ਮੈਂ ਤਾਂ ਏਹੋ ਜਾਣਿਆ :
ਵਗਣਾ ਪਾਣੀ ਦਾ ਧਰਮ ਹੈ
ਹਨੇਰ ਨਾਲ ਲੜਨਾ ਮਨੁੱਖ ਦਾ

ਤੂੰ ਚਾਨਣ ਦੀ ਲੋਅ ਬਣ ਜਾ
ਹਨੇਰ ਸਾਹਵੇਂ ਤਣ ਜਾ
ਮੈਂ ਮਾਜ਼ੀ ਦਾ ਮਹਿਜ਼ ਚਿਤਰ ਹਾਂ
ਤੂੰ ਭਵਿੱਖ ਦੀ ਉਮੀਦ
ਸਾਹਵੇਂ ਰਣ-ਭੂਮੀ
ਰਣ-ਭੂਮੀ ਦੇ ਪਾਰ ਰੌਸ਼ਨੀ ਦਾ ਘੇਰਾ ਹੈ
ਓਥੇ ਹੀ ਬੁੱਧ ਦਾ ਡੇਰਾ ਹੈ

ਆਪਾਂ ਮਿਲਾਂਗੇ
ਦੀਵਿਆਂ ਦੀ ਲੋਅ ਵਿਚ
ਰੌਸ਼ਨੀ ਦੇ ਜਲੌਅ ਵਿਚ

ਦੂਰ ਚਾਨਣ ਦੀ ਲੋਅ ਲਿਸ਼ਕੀ
ਤੇ ਮੈਂ ਤੁਰ ਪਿਆ
ਜਿਧਰ ਰੌਸ਼ਨੀ ਦਾ ਘੇਰਾ ਹੈ
ਜਿਥੇ ਬੁੱਧ ਦਾ ਡੇਰਾ

## • *ਸਰਹੱਦ*

ਸਰਹੱਦ ਪਾਰੋਂ ਕੁਝ ਲੋਕ ਆਏ ਨੇ
ਏਧਰ ਓਧਰ ਝਾਕਦੇ
ਖੌਰੇ ਕਿਸ ਨੂੰ ਭਾਲਦੇ
ਅੱਖਾਂ 'ਚ ਹੰਝੂ ਡੱਕ ਕੇ
ਉਹ ਚਿਹਰਾ ਕੋਈ ਪਛਾਣਦੇ

ਕਦੇ ਪੈਰ ਅਗਾਂਹ ਨੂੰ ਰੱਖਦੇ
ਕਦੇ ਪਿੱਛੇ ਮੁੜ-ਮੁੜ ਤੱਕਦੇ
ਬਾਸ਼ਿੰਦੇ ਕਿਹੜੀ ਧਰਤੀ ਦੇ

ਹਮਸਾਏ ਮੇਰੇ ਲੱਗਦੇ
ਪਿਆਸੇ ਕਿੰਨੇ ਦੇਰ ਦੇ
ਉਹ ਮੋਹ ਦਾ ਪਾਣੀ ਮੰਗਦੇ

ਉਨ੍ਹਾਂ ਨੂੰ ਕਿਵੇਂ ਦੱਸਾਂ
ਏਨੇ ਵਰ੍ਹਿਆਂ ਪਿੱਛੋਂ ਕਿੰਨਾ ਕੁਝ ਉੱਜੜ-ਪੁੱਜੜ ਜਾਂਦਾ
ਚਿੰਨ੍ਹ ਮਿਟ ਜਾਂਦੇ, ਖੂਹ ਸੁੱਕ ਜਾਂਦੇ
ਘਰਾਂ ਦਾ ਕੀ ਵੱਟੀਦਾ

ਹੁਣ ਤਾਂ ਏਥੇ ਸੜਕਾਂ ਨੇ, ਪੁਲ ਨੇ
ਹੱਦਾਂ ਨੇ, ਹੱਦਾਂ ਅੰਦਰ ਕੰਧਾਂ ਨੇ
ਉੱਚੇ ਪਰਕੋਟੇ, ਮੀਨਾਰ
ਅੰਨ੍ਹੀ ਰੌਸ਼ਨੀ ਦੇ ਦੀਦਾਰ
ਕਿੰਨਾ ਕੁਝ ਹੱਦਾਂ ਦੇ ਅੰਦਰ!
ਕਿੰਨਾ ਕੁਝ ਹੱਦਾਂ ਦੇ ਬਾਹਰ!

ਹੱਦਾਂ ਅੰਦਰ ਤਿਸ਼ਨਗੀ ਹੈ
ਹੱਦੋਂ ਪਾਰ ਮਿਰਗਛਲੀ

ਕਰਾਂ ਤਾਂ ਕੀ ਕਰਾਂ
ਦਰਵਾਜ਼ਾ ਖੋਲ੍ਹਾਂ ਕਿ ਨਾ ?

ਸਰਹੱਦ ਪਾਰੋਂ ਕੁਝ ਲੋਕ ਆਏ ਨੇ
ਟੋਲਦੇ, ਕੁਝ ਭਾਲਦੇ
ਆਪਣੇ ਜਿਹੇ ਜਾਪਦੇ

•

**ਸੰਪਰਕ** : 098117-40300

## ਕਵਿਤਾਵਾਂ : ਸ਼ਬੀਰ ਹਕਾ

### • *ਸ਼ਹਿਤੂਤ*

ਕੀ ਤੁਸੀਂ ਕਦੇ ਸ਼ਹਿਤੂਤ ਵੇਖਿਆ ਹੈ
ਜਿਥੇ ਡਿੱਗਦਾ ਹੈ, ਓਨੀ ਧਰਤੀ 'ਤੇ
ਉਸ ਦੇ ਨਾਲ ਰਸ ਦਾ ਦਾਗ਼ ਪੈ ਜਾਂਦਾ ਹੈ

ਡਿੱਗਣ ਤੋਂ ਜ਼ਿਆਦਾ ਤਕਲੀਫ਼ਦੇਹ ਕੁਝ ਵੀ ਨਹੀਂ

ਮੈਂ ਕਿੰਨੇ ਮਜ਼ਦੂਰਾਂ ਨੂੰ ਵੇਖਿਆ ਹੈ
ਇਮਾਰਤਾਂ ਤੋਂ ਡਿੱਗਦੇ ਹੋਏ
ਡਿੱਗ ਦੇ ਸ਼ਹਿਤੂਤ ਬਣ ਜਾਂਦੇ ਹੋਏ

### • *ਈਸ਼ਵਰ*

(ਈਸ਼ਵਰ) ਵੀ ਇਕ ਮਜ਼ਦੂਰ ਹੈ
ਜ਼ਰੂਰ ਉਹ ਵੈਲਡਰਾਂ ਦਾ ਵੀ ਵੈਲਡਰ ਹੋਵੇਗਾ
ਸ਼ਾਮ ਦੀ ਰੌਸ਼ਨੀ ਵਿਚ
ਉਸ ਦੀਆਂ ਅੱਖਾਂ ਅੰਗਾਰਿਆਂ ਜਿਵੇਂ ਲਾਲ ਹੁੰਦੀਆਂ ਨੇ
ਰਾਤ ਉਸ ਦੀ ਕਮੀਜ਼ 'ਤੇ
ਮੋਰੀਆਂ ਹੀ ਮੋਰੀਆਂ ਹੁੰਦੀਆਂ ਨੇ

### • *ਬੰਦੂਕ*

ਜੇਕਰ ਉਨ੍ਹਾਂ ਨੇ ਬੰਦੂਕ ਦੀ ਖੋਜ ਨਾ ਕੀਤੀ ਹੁੰਦੀ
ਤਾਂ ਕਿੰਨੇ ਲੋਕ ਦੂਰ ਤੋਂ ਹੀ
ਮਾਰੇ ਜਾਣ ਤੋਂ ਬਚ ਜਾਂਦੇ

ਬਹੁਤ ਸਾਰੀਆਂ ਚੀਜ਼ਾਂ ਆਸਾਨ ਹੋ ਜਾਂਦੀਆਂ
ਉਨ੍ਹਾਂ ਨੂੰ ਮਜ਼ਦੂਰਾਂ ਦੀ ਤਾਕਤ ਦਾ ਅਹਿਸਾਸ ਕਰਵਾਉਣਾ ਵੀ
ਕਿਤੇ ਜ਼ਿਆਦਾ ਸੌਖਾ ਹੁੰਦਾ

### • *ਮੌਤ ਦਾ ਖ਼ੌਫ਼*

ਤਾਉਮਰ ਮੈਂ ਇਸ ਗੱਲ 'ਤੇ ਭਰੋਸਾ ਕੀਤਾ
ਕਿ ਝੂਠ ਬੋਲਣਾ ਗ਼ਲਤ ਹੁੰਦਾ
ਗ਼ਲਤ ਹੁੰਦਾ ਕਿਸੇ ਨੂੰ ਪਰੇਸ਼ਾਨ ਕਰਨਾ

ਤਾਉਮਰ ਮੈਂ ਇਸ ਗੱਲ ਨੂੰ ਸਵੀਕਾਰ ਕੀਤਾ
ਕਿ ਮੌਤ ਵੀ ਜ਼ਿੰਦਗੀ ਦਾ ਇਕ ਹਿੱਸਾ ਹੈ

ਇਸ ਤੋਂ ਬਾਅਦ ਵੀ ਮੈਨੂੰ ਮੌਤ ਤੋਂ ਡਰ ਲੱਗਦਾ

ਡਰ ਲੱਗਦਾ ਦੂਸਰੀ ਦੁਨੀਆ ਵਿਚ ਵੀ ਮਜ਼ਦੂਰ ਬਣੇ ਰਹਿਣ ਤੋਂ

### • *ਕਿੱਤੇ ਦੀ ਚੋਣ*

ਮੈਂ ਕਦੇ ਆਮ ਬੈਂਕ ਕਰਮਚਾਰੀ ਨਹੀਂ ਬਣ ਸਕਦਾ ਸੀ
ਖਾਣ-ਪੀਣ ਦੇ ਸਮਾਨ ਦਾ ਸੇਲਜ਼ਮੈਨ ਵੀ ਨਹੀਂ
ਕਿਸੇ ਪਾਰਟੀ ਦਾ ਮੁਖੀ ਵੀ ਨਹੀਂ
ਨਾ ਤਾਂ ਟੈਕਸੀ ਡਰਾਈਵਰ
ਪ੍ਰਚਾਰ 'ਚ ਲੱਗਿਆ ਮਾਰਕਟਿੰਗ ਵਾਲਾ ਵੀ ਨਹੀਂ

ਮੈਂ ਤਾਂ ਬਸ ਏਨਾ ਚਾਹੁੰਦਾ ਸਾਂ
ਕਿ ਸ਼ਹਿਰ ਦੀ ਸਭ ਤੋਂ ਉੱਚੀ ਥਾਂ 'ਤੇ ਖੜ੍ਹਾ ਹੋ ਕੇ
ਹੇਠਾਂ ਸੰਘਣੀਆਂ ਇਮਾਰਤਾਂ ਦੇ ਵਿਚਕਾਰ ਉਸ ਔਰਤ ਦਾ ਘਰ ਦੇਖਾਂ
ਜਿਸ ਨੂੰ ਮੈਂ ਪਿਆਰ ਕਰਦਾ ਹਾਂ
ਇਸ ਲਈ ਮੈਂ ਬਧਵਾ ਮਜ਼ਦੂਰ ਬਣ ਗਿਆ

### • *ਮੇਰੇ ਪਿਤਾ*

ਜੇਕਰ ਆਪਣੇ ਪਿਤਾ ਦੇ ਬਾਰੇ ਕੁਝ ਕਹਿਣ ਦੀ ਹਿੰਮਤ ਕਰਾਂ
ਤਾਂ ਮੇਰੀ ਗੱਲ 'ਤੇ ਭਰੋਸਾ ਕਰਨਾ
ਉਨ੍ਹਾਂ ਦੇ ਜੀਵਨ ਨੇ ਉਨ੍ਹਾਂ ਨੂੰ ਬਹੁਤ ਘੱਟ ਆਨੰਦ ਦਿੱਤਾ

ਉਹ ਸ਼ਖ਼ਸ ਆਪਣੇ ਪਰਿਵਾਰ ਨੂੰ ਸਮਰਪਿਤ ਸੀ
ਪਰਿਵਾਰ ਦੀਆਂ ਕਮੀਆਂ ਨੂੰ ਛੁਪਾਉਣ ਲਈ
ਉਸ ਨੇ ਆਪਣੇ ਜੀਵਨ ਨੂੰ ਕਠੋਰ ਤੇ ਖੁਰਦਰਾ ਬਣਾ ਲਿਆ

ਅਤੇ ਹੁਣ
ਆਪਣੀਆਂ ਕਵਿਤਾਵਾਂ ਛਪਵਾਉਂਦੇ ਹੋਏ
ਮੈਨੂੰ ਸਿਰਫ਼ ਇਕ ਬਾਤ ਦਾ ਸੰਕੋਚ ਹੈ
ਕਿ ਮੇਰੇ ਪਿਤਾ ਪੜ੍ਹ ਨਹੀਂ ਸਕਦੇ

### • *ਆਸਥਾ*

ਮੇਰੇ ਪਿਤਾ ਮਜ਼ਦੂਰ ਸਨ
ਆਸਥਾ ਨਾਲ ਭਰੇ ਇਨਸਾਨ
ਜਦੋਂ ਵੀ ਉਹ ਨਮਾਜ ਪੜ੍ਹਦੇ
(ਅੱਲ੍ਹਾ) ਉਨ੍ਹਾਂ ਦੇ ਹੱਥਾਂ ਨੂੰ ਵੇਖ ਸ਼ਰਮਿੰਦਾ ਹੋ ਜਾਂਦਾ ਸੀ

### • *ਮੌਤ*

ਮੇਰੀ ਮਾਂ ਨੇ ਕਿਹਾ
ਉਸ ਨੇ ਮੌਤ ਨੂੰ ਵੇਖਿਆ ਹੈ
ਉਸ ਦੀਆਂ ਵੱਡੀਆਂ-ਵੱਡੀਆਂ ਸੰਘਣੀਆਂ ਮੁੱਛਾਂ ਨੇ

ਅਤੇ ਉਸ ਦੀ ਕੱਠ-ਕਾਠੀ, ਜਿਵੇਂ ਕੋਈ ਸ਼ੁਦਾਈ ਇਨਸਾਨ

ਉਸ ਰਾਤ ਤੋਂ
ਮਾਂ ਦੀ ਮਾਸੂਮੀਅਤ ਨੂੰ
ਮੈਂ ਸ਼ੱਕ ਨਾਲ ਵੇਖਣ ਲੱਗਾ ਹਾਂ!

### • *ਰਾਜਨੀਤੀ*

ਵੱਡੇ-ਵੱਡੇ ਬਦਲਾਵ ਵੀ
ਕਿੰਨੀ ਆਸਾਨੀ ਨਾਲ ਕਰ ਦਿੱਤੇ ਜਾਂਦੇ ਨੇ
ਹੱਥਾਂ ਨਾਲ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ
ਰਾਜਨੀਤਕ ਕਾਮਿਆਂ 'ਚ ਬਦਲ ਦੇਣਾ ਵੀ
ਕਿੰਨਾ ਸੌਖਾ ਰਿਹਾ ਹੈ ਨਾ!
ਕਰੇਨਾਂ ਇਸ ਬਦਲਾਵ ਨੂੰ ਚੁੱਕਦੀਆਂ ਨੇ
ਤੇ ਸੂਲੀ ਤਕ ਪਹੁੰਚਾਂਦੀਆਂ ਨੇ

### • *ਦੋਸਤੀ*

ਮੈਂ (ਈਸ਼ਵਰ) ਦਾ ਦੋਸਤ ਨਹੀਂ ਹਾਂ
ਇਸ ਦਾ ਸਿਰਫ਼ ਇਕ ਕਾਰਨ ਹੈ
ਜਿਸ ਦੀਆਂ ਜੜ੍ਹਾਂ ਬਹੁਤ ਪੁਰਾਣੇ ਅਤੀਤ ਵਿਚ ਨੇ
ਜਦੋਂ ਛੇ ਲੋਕਾਂ ਦਾ ਸਾਡਾ ਪਰਿਵਾਰ
ਇਕ ਤੰਗ ਕਮਰੇ ਵਿਚ ਰਹਿੰਦਾ ਸੀ

ਅਤੇ (ਈਸ਼ਵਰ) ਦੇ ਕੋਲ ਬਹੁਤ ਵੱਡਾ ਮਕਾਨ ਸੀ
ਜਿਸ ਵਿਚ ਉਹ ਇਕੱਲਾ ਹੀ ਰਹਿੰਦਾ ਸੀ

### • *ਸਰਹੱਦਾਂ*

ਜਿਵੇਂ ਕਫ਼ਨ ਢੱਕ ਲੈਂਦੇ ਨੇ ਲਾਸ਼ ਨੂੰ
ਬਰਫ਼ ਵੀ ਬਹੁਤ ਸਾਰੀਆਂ ਚੀਜ਼ਾਂ ਨੂੰ ਢੱਕ ਲੈਂਦੀ ਹੈ
ਢੱਕ ਲੈਂਦੀ ਹੈ ਇਮਾਰਤਾਂ ਦੇ ਕੰਕਾਲ ਨੂੰ
ਰੁੱਖਾਂ ਨੂੰ, ਕਬਰਾਂ ਨੂੰ ਸਫ਼ੇਦ ਬਣਾ ਦਿੰਦੀ ਹੈ

ਅਤੇ ਸਿਰਫ਼ ਬਰਫ਼ ਹੀ ਹੈ ਜੋ
ਸਰਹੱਦਾਂ ਨੂੰ ਵੀ ਸਫ਼ੇਦ ਕਰ ਸਕਦੀ ਹੈ

### • *ਘਰ*

ਮੈਂ ਪੂਰੀ ਦੁਨੀਆ ਲਈ ਕਹਿ ਸਕਦਾ ਹਾਂ ਇਹ ਸ਼ਬਦ
ਦੁਨੀਆ ਦੇ ਹਰ ਦੇਸ਼ ਲਈ ਕਹਿ ਸਕਦਾ ਹਾਂ
ਮੈਂ ਆਕਾਸ਼ ਨੂੰ ਵੀ ਕਹਿ ਸਕਦਾ ਹਾਂ
ਇਸ ਬ੍ਰਹਿਮੰਡ ਦੀ ਹਰੇਕ ਚੀਜ਼ ਨੂੰ ਵੀ

ਪਰ ਤਰੇਹਾਨ ਦੇ ਇਸ ਬਿਨਾਂ ਬਾਂਗੀ ਵਾਲੇ ਕਿਰਾਏ ਦੇ ਕਮਾਨ ਨੂੰ
ਨਹੀਂ ਰਹਿ ਸਕਦਾ
ਮੈਂ ਇਸ ਨੂੰ ਘਰ ਨਹੀਂ ਕਹਿ ਸਕਦਾ

## • *ਸਰਕਾਰ*

ਕੁਝ ਸਮੇਂ ਪਹਿਲਾਂ
ਪੁਲਿਸ ਮੈਨੂੰ ਭਾਲਦੀ ਪਈ ਸੀ
ਮੈਂ ਕਿਸੇ ਦਾ ਕਤਲ ਨਹੀਂ ਕੀਤਾ
ਮੈਂ ਸਰਕਾਰ ਦੇ ਖ਼ਿਲਾਫ਼ ਕੋਈ ਲੇਖ ਵੀ ਨਹੀਂ ਲਿਖਿਆ

ਸਿਰਫ਼ ਤੂੰ ਜਾਣਦੀ ਹਾਂ ਮੇਰੀ ਸੱਜਣੀ
ਕਿ ਜਨਤਾ ਲਈ ਕਿੰਨਾ ਤ੍ਰਾਸਦ ਹੋਵੇਗਾ
ਜੇਕਰ ਸਰਕਾਰ ਸਿਰਫ਼ ਇਸ ਕਾਰਨ ਮੇਰੇ ਤੋਂ ਡਰਨ ਲੱਗੇ
ਕਿ ਮੈਂ ਇਕ ਮਜ਼ਦੂਰ ਹਾਂ
ਜੇਕਰ ਮੈਂ ਕ੍ਰਾਂਤੀਕਾਰੀ ਜਾਂ ਬਾਗ਼ੀ ਹੁੰਦਾ
ਉਦੋਂ ਕੀ ਹੁੰਦਾ ?

ਫਿਰ ਵੀ ਉਸ ਲੜਕੇ ਲਈ ਇਹ ਦੁਨੀਆ
ਕੋਈ ਬਹੁਤ ਜ਼ਿਆਦਾ ਬਦਲੀ ਨਹੀਂ ਹੈ
ਜਿਹੜਾ ਸਕੂਲ ਦੀਆਂ ਸਾਰੀਆਂ ਕਿਤਾਬਾਂ ਦੇ ਪਹਿਲੇ ਪੰਨੇ 'ਤੇ
ਆਪਣੀ ਫੋਟੋ ਛਪੀ ਹੋਈ ਵੇਖਣਾ ਚਾਹੁੰਦਾ ਹੈ

## • *ਇਕਲੌਤਾ ਡਰ*

ਜਦੋਂ ਮੈਂ ਮਰਾਂਗਾ
ਆਪਣੇ ਨਾਲ ਆਪਣੀਆਂ ਸਾਰੀਆਂ ਪਿਆਰੀਆਂ ਕਿਤਾਬਾਂ ਲੈ ਜਾਵਾਂਗਾ
ਆਪਣੀ ਕਬਰ ਭਰ ਦੇਵਾਂਗਾ
ਉਨ੍ਹਾਂ ਲੋਕਾਂ ਦੀ ਤਸਵੀਰਾਂ ਨੂੰ ਜਿਨ੍ਹਾਂ ਨਾਲ ਮੈਂ ਪਿਆਰ ਕੀਤਾ
ਮੇਰੇ ਨਵੇਂ ਘਰ ਵਿਚ ਕੋਈ ਥਾਂ ਨਹੀਂ ਹੋਵੇਗੀ
ਭਵਿੱਖ ਦੇ ਪ੍ਰਤੀ ਡਰ ਦੇ ਲਈ

ਮੈਂ ਲੰਮਾ ਪਿਆ ਰਹਾਂਗਾ, ਮੈਂ ਸਿਗਰੇਟ ਸੁਲਗਾਵਾਂਗਾ
ਅਤੇ ਰੋਵਾਂਗਾ ਉਨ੍ਹਾਂ ਸਾਰੀਆਂ ਔਰਤਾਂ ਨੂੰ ਯਾਦ ਕਰ
ਜਿਨ੍ਹਾਂ ਨੂੰ ਮੈਂ ਗਲੇ ਲਗਾਉਣਾ ਚਾਹੁੰਦਾ ਸਾਂ

ਇਨ੍ਹਾਂ ਸਾਰੀਆਂ ਖ਼ੁਸ਼ੀਆਂ ਦੇ ਵਿਚਕਾਰ
ਇਕ ਡਰ ਬਾਕੀ ਰਹਿੰਦਾ ਹੈ :
ਕਿ ਇਕ ਰੋਜ਼, ਸਾਝਰੇ-ਸਾਝਰੇ
ਕੋਈ ਮੋਢਾ ਹਿਲਾ ਕੇ ਮੈਨੂੰ ਜਗਾਵੇਗਾ ਅਤੇ ਕਹੇਗਾ—
ਸ਼ਬੀਰ ਹੁਣ ਉੱਠ ਜਾ, ਕੰਮ 'ਤੇ ਚੱਲਣਾ ਹੈ

ਸ਼ਬੀਰ ਹਕਾ ਦੀਆਂ ਕਵਿਤਾਵਾਂ ਤਿੱਖੇ ਵਾਰ ਵਾਂਗ ਹਨ। ਸ਼ਬੀਰ ਦਾ ਜਨਮ 1986 ਵਿਚ ਈਰਾਨ ਦੇ ਸ਼ਹਿਰ ਕਰਮਾਨਸ਼ਾਹ ਵਿਚ ਹੋਇਆ। ਹੁਣ ਉਹ ਤੇਹਰਾਨ ਵਿਚ ਰਹਿੰਦਾ ਹੈ ਅਤੇ ਇਮਾਰਤਾਂ ਦੇ ਨਿਰਮਾਣ ਕੰਮ ਵਿਚ ਮਿਹਨਤ ਮਜ਼ਦੂਰੀ ਕਰਦਾ ਹੈ। ਉਸ ਦੇ ਦੋ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ ਅਤੇ ਈਰਾਨ ਮਜ਼ਦੂਰ ਕਵਿਤਾ ਪ੍ਰਤੀਯੋਗਤਾ ਵਿਚ ਪਹਿਲਾ ਸਥਾਨ ਪਾ ਚੁੱਕੇ ਹਨ। ਪਰ ਕਵਿਤਾ ਨਾਲ ਪੇਟ ਨਹੀਂ ਭਰਦਾ। ਪੈਸੇ ਕਮਾਉਣ ਲਈ ਇੱਟਾਂ-ਰੋੜੇ ਢੋਹਣੇ ਪੈਂਦੇ ਹਨ। ਇਕ ਇੰਟਰਵਿਊ ਵਿਚ ਸ਼ਬੀਰ ਨੇ ਕਿਹਾ ਸੀ, "ਮੈਂ ਥੱਕ ਗਿਆ ਹਾਂ। ਬਹੁਤ ਥੱਕ ਗਿਆ ਹਾਂ। ਮੈਂ ਪੈਦਾ ਹੋਣ ਤੋਂ ਪਹਿਲਾਂ ਹੀ ਥੱਕ ਗਿਆ ਸਾਂ। ਮੇਰੀ ਮਾਂ ਮੈਨੂੰ ਆਪਣੇ ਗਰਭ ਵਿਚ ਪਾਲਦੇ ਹੋਏ ਮਜ਼ਦੂਰੀ ਕਰਦੀ ਸੀ। ਮੈਂ ਉਦੋਂ ਤੋਂ ਹੀ ਇਕ ਮਜ਼ਦੂਰ ਹਾਂ। ਮੈਂ ਆਪਣੀ ਮਾਂ ਦੀ ਥਕਾਨ ਮਹਿਸੂਸ ਕਰ ਸਕਦਾ ਹਾਂ। ਉਸ ਦੀ ਥਕਾਨ ਮੇਰੇ ਸਰੀਰ ਵਿਚ ਹੈ।" ਸ਼ਬੀਰ ਦੱਸਦਾ ਹੈ ਕਿ ਤੇਹਰਾਨ ਵਿਚ ਉਸ ਦੇ ਕੋਲ ਸੌਣ ਲਈ ਥਾਂ ਨਹੀਂ ਹੈ ਅਤੇ ਕਈ-ਕਈ ਰਾਤਾਂ ਉਹ ਸੜਕਾਂ ਉੱਤੇ ਭਟਕਦੇ ਹੋਏ ਗੁਜ਼ਾਰ ਦਿੰਦਾ ਹੈ। ਇਸ ਕਾਰਨ ਪਿਛਲੇ ਬਾਰ੍ਹਾਂ ਸਾਲਾਂ ਤੋਂ ਉਸ ਨੂੰ ਇੰਨੀ ਤਸੱਲੀ ਨਹੀਂ ਮਿਲ ਸਕੀ ਕਿ ਉਹ ਆਪਣੇ ਨਾਵਲ ਪੂਰਾ ਕਰ ਸਕੇ।

ਈਰਾਨ ਵਿਚ ਸੈਂਸਰਸ਼ਿਪ ਲਾਗੂ ਹੈ। ਕਵੀਆਂ-ਲੇਖਕਾਂ ਦੇ ਸ਼ਬਦ ਸਰਕਾਰ ਸੈਂਸਰ ਕਰ ਦਿੰਦੀ ਹੈ, ਉਨ੍ਹਾਂ ਨੂੰ ਡਿਲੀਟ ਕਰ ਦਿੰਦੀ ਹੈ। ਉਦੋਂ ਸ਼ਬਦ ਅੱਧੇ ਵਾਕ ਹੀ ਰਹਿ ਜਾਂਦੇ ਹਨ। ਇਨ੍ਹਾਂ ਕਵਿਤਾਵਾਂ ਵਿਚ ਜਿਹੜੇ ਸ਼ਬਦਾਂ ਨੂੰ ਬ੍ਰੈਕਟ ਵਿਚ ਦਿੱਤਾ ਗਿਆ ਹੈ, ਮੂਲ ਫ਼ਾਰਸੀ ਵਿਚ ਈਰਾਨੀ ਸਰਕਾਰ ਨੇ ਉਨ੍ਹਾਂ ਸ਼ਬਦਾਂ ਨੂੰ ਸੈਂਸਰ ਕਰ ਦਿੱਤਾ ਹੈ। ਸ਼ਬੀਰ ਦੀਆਂ ਕਵਿਤਾਵਾਂ 'ਤੇ ਦੁਨੀਆ ਦੀ ਨਜ਼ਰ ਹੁਣੇ-ਹੁਣੇ ਗਈ ਹੈ। ਉਸ ਦੀਆਂ ਕਵਿਤਾਵਾਂ ਨੂੰ ਪ੍ਰਸਿੱਧ ਪੱਤ੍ਰਿਕਾ 'ਮਾਡਰਨ ਪੋਇਟਰੀ ਇਨ ਟ੍ਰਾਂਸਲੇਸ਼ਨ' ਨੇ ਆਪਣੀ ਜਨਵਰੀ 2015 ਦੇ ਅੰਕ ਵਿਚ ਸਥਾਨ ਦਿੱਤਾ ਹੈ। ਇਹ ਸਾਰੀਆਂ ਕਵਿਤਾਵਾਂ ਉਥੋਂ ਲਈਆਂ ਗਈਆਂ ਹਨ। ਇਨ੍ਹਾਂ ਕਵਿਤਾਵਾਂ ਨੂੰ ਫ਼ਾਰਸੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਨਸਰੀਨ ਪਰਵੇਜ਼ ਅਤੇ ਹਰਬਟ ਮੂਰ ਨੇ ਕੀਤਾ ਹੈ। ਅੰਗਰੇਜ਼ੀ ਤੋਂ ਹਿੰਦੀ ਅਨੁਵਾਦ ਗੀਤ ਚਤੁਰਵੇਦੀ ਨੇ 'ਸਦਾਨੀਰਾ' ਲਈ ਜੁਲਾਈ-ਸਤੰਬਰ 2015 ਦੇ ਅੰਕ ਲਈ ਕੀਤਾ ਹੈ। ਜੈ ਪਾਲ ਨੇ ਇਹੀ ਅਨੁਵਾਦ **ਵਾਹਗਾ** ਦੇ ਪਾਠਕਾਂ ਲਈ ਕੀਤਾ ਹੈ। ਜੈ ਪਾਲ ਕਿੱਤੇ ਵਜੋਂ ਅਧਿਆਪਕ ਹੈ ਅਤੇ ਉਸ ਦੇ ਦੋ ਕਾਵਿ-ਸੰਗ੍ਰਹਿ 'ਨਜ਼ਮ ਕਦੋਂ ਚੁੱਪ ਸੀ' ਅਤੇ 'ਯਾਤਰੀ ਹਾਲੇ ਪਰਤੇ ਨਹੀਂ' ਪ੍ਰਕਾਸ਼ਿਤ ਹੋ ਚੁੱਕੇ ਹਨ।

## ਹਿੰਦੀ ਕਵਿਤਾਵਾਂ : ਨਰੇਸ਼ ਸਕਸੇਨਾ

### • *ਗੁਜਰਾਤ-1*

ਘਰ 'ਚੋਂ ਸਾਰੇ ਰਸਾਲੇ ਤੇ ਅਖ਼ਬਾਰ ਹਟਾ ਦਿੱਤੇ
ਕਿ ਕਿਤੇ ਉਨ੍ਹਾਂ 'ਤੇ ਨਜ਼ਰ ਨਾ ਜਾ ਪਏ
ਰੇਡੀਓ ਤੇ ਟੀ.ਵੀ. ਦੇ ਕੁਨੈਕਸ਼ਨ ਕੱਟ ਦਿੱਤੇ
ਕਿ ਕਿਤੇ ਖ਼ਬਰਾਂ ਨਾ ਆਉਣ ਲੱਗਣ ਉਸ ਸਮੇਂ
ਪਰ ਘਰ ਜਾ 'ਚ ਸੜੇ ਹੋਏ ਮਾਸ ਦੀ ਬੋਅ ਹੈ

ਇਹਦਾ ਕੀ ਕਰੀਏ
ਮਾਸ ਜ਼ਰਾ ਕੁ ਲੱਗ ਗਿਐ ਰਸੋਈ 'ਚ
ਤੇ ਇਕ ਮੁਸਲਮਾਨ ਦੋਸਤ ਆਉਣ ਵਾਲੇ ਨੇ ਖਾਣੇ 'ਤੇ

### • *ਗੁਜਰਾਤ-2*

ਕਿਵੇਂ ਓ ਅਜ਼ੀਜ ਭਰਾ, ਫ਼ੋਨ 'ਤੇ ਪੁੱਛਿਆ
'ਠੀਕ ਹਾਂ' ਤੇ ਤੁਸੀਂ ?'
'ਮੌਜਾਂ 'ਚ...' ਮੂੰਹੋਂ ਨਿਕਲਦਿਆਂ ਹੀ ਪਾਣੀ ਪਾਣੀ ਹੋ ਗਿਆ

ਅੱਛਾ ਜ਼ਰਾ ਹੁਸ਼ਿਆਰ ਰਿਹੋ

'ਕਿਹਦੇ ਤੋਂ ?'
'ਹਿੰਦੂਆਂ ਤੋਂ' ਕਹਿੰਦੇ ਕਹਿੰਦੇ ਰੋਕ ਲਿਆ ਖ਼ੁਦ ਨੂੰ

ਹਕਲਾਉਂਦਿਆਂ ਬੋਲਿਆ—
'ਬਸ ਉਂਜ ਹੀ ਇਹਤਿਆਤਨ ਕਹਿ ਦਿੱਤਾ'
ਰੱਖ ਦਿੱਤਾ ਫ਼ੋਨ
ਸੋਚਦੇ ਹੋਏ
ਕਿ ਉਨ੍ਹਾਂ ਨੂੰ ਤਾਂ ਪਤਾ ਹੀ ਹੈ
ਕਿ ਕਿਸ ਤੋਂ

•

ਅਨੁ : ਅੰਬਰੀਸ਼
(**ਧੰਨਵਾਦ ਸਹਿਤ 'ਪਹਲ' ਅਗਸਤ-ਸਿਤੰਬਰ** 2002 **'ਚੋਂ ਧੰਨਵਾਦ ਸਹਿਤ**)

## ਕਵਿਤਾਵਾਂ : ਜਸਵਿੰਦਰ ਸੀਰਤ

### • *ਤੈਰਦਾ ਚੰਨ*

ਕਿੱਥੇ ਹੈਂ ਤੂੰ ?
ਮੇਰੀ ਸਮਝ ਦੇ ਅੰਦਰ ਜਾਂ ਬਾਹਰ ?

ਮੇਰੇ ਪਾਗਲਪਨ 'ਚ ?
ਜਾਂ ਜਸੂਸੀ ਫ਼ਿਲਮ ਦੀ ਕਹਾਣੀ ਵਾਂਗ
ਮੇਰੇ ਅੰਤ 'ਚ ?

ਮੈਂ ਐਵੇਂ ਹੀ
ਪਾਣੀ 'ਚ ਡੋਲਦੇ ਤੇਰੇ ਅਕਸ
ਤੇ ਅਸਮਾਨ 'ਚ ਟਿਕੇ ਚੰਨ (ਦੀ) ਨੂੰ
ਮੇਲਦੀ ਰਹਿੰਦੀ ਹਾਂ

ਲੱਗਦਾ
ਪਾਣੀਆਂ 'ਚ ਹਿੱਲਦਾ ਚੰਨ
ਮੈਨੂੰ ਬੁਲਾ ਰਿਹਾ

ਅਸਮਾਨ ਵੱਲ ਤੱਕਦੀ ਹਾਂ
ਤੂੰ ਗ਼ਾਇਬ ਹੁੰਦਾ

ਚੰਨ ਨੂੰ ਫੜਦੀ
ਬੇਸਬਰੀ 'ਚ
ਜਾ ਫਸਦੀ ਹਾਂ ਗਿੱਲੀ ਮਿੱਟੀ 'ਚ

ਕਿੱਥੇ ਹੈ ਤੂੰ ?

### • *ਚਲਦਿਆਂ ਫਿਰਦਿਆਂ*

ਤੇਰੀ ਖ਼ੁਸ਼ਬੂ
ਤਰਤੀਬ ਦੇਂਦੀ
ਮੇਰੀ ਹਵਾ ਨੂੰ

ਤੈਨੂੰ ਯਾਦ ਏ—
ਤੇਰੇ ਤਾਜ਼ੇ ਲਹੂ ਦੀ ਗੰਧ
ਜਦ ਫੈਲੀ ਸੀ ਮੇਰੇ ਹੱਥਾਂ 'ਚ
ਤਾਂ ਚਮਕ ਪਈਆਂ ਸੀ
ਤੇਰੀਆਂ ਅੱਖਾਂ ?

ਤੇ ਤੂੰ
ਭੇਦ ਭਰੀ ਮੁਸਕਾਨ ਨਾਲ
ਟੁਕੜੇ-ਟੁਕੜੇ ਕਰ ਦਿੱਤਾ ਸੀ ਮੇਰਾ

ਮਿੱਟੀ ਦਾ ਬੁੱਧ

ਚਲਦਿਆਂ ਫਿਰਦਿਆਂ
ਮੁਸਕਰਾਂਦਿਆਂ
ਸਾਂਭ ਰਹੀ ਹਾਂ
ਬੁੱਧ ਦੀਆਂ ਚਿਪਰਾਂ

### • *ਆ ਬੀਜ ਦੇਈਏ*

ਚਲ ਉੱਠ ਫੜ
ਮੇਰੇ ਹੱਥੋਂ ਮਿੱਟੀ

ਆ ਬੀਜ ਦੇਈਏ
ਖ਼ਾਮੋਸ਼ੀ ਦੇ ਪਲ

ਰਾਤ ਦੇ ਬਚੇ
ਜਵਾਲਾਮੁਖੀ ਅੰਦਰ

### • *ਦਰਵਾਜ਼ਾ*

ਘਰ ਅੰਦਰ
ਹਰ ਸਾਹ
ਉਤਰਦਾ ਚੜ੍ਹਦਾ

ਜਿਥੇ ਦਰਵਾਜ਼ੇ ਤਾਂ ਬਹੁਤ ਨੇ
ਪਰ ਰਸਤਾ ਕੋਈ ਨਹੀਂ

ਖ਼ੁਦ ਨੂੰ ਇਕੱਠਾ ਕਰ
ਪਸੀਨੇ 'ਚ ਭਿੱਜੀਆਂ ਤਲੀਆਂ
ਆਪਸ 'ਚ ਰਗੜਦੀ
ਗਲੀ 'ਚ ਆ ਜਾਂਦੀ ਹਾਂ

ਜਿਥੇ ਰਸਤੇ ਤਾਂ ਬਹੁਤ ਨੇ
ਪਰ ਦਰਵਾਜ਼ਾ ਕੋਈ ਨਹੀਂ...

### • *ਬਾਕੀ*

ਬਹੁਤ ਦੇਰ ਬਾਅਦ ਬਦਲੀ
ਪੁਰਾਣੀ ਚਾਦਰ

ਆਢੇ ਰੁਖ ਹੋ
ਤੱਕਦੀ ਉਸ ਨੂੰ
ਫਿਰ ਮੂੰਹ ਘੁਮਾ ਲੈਂਦੀ

ਅੱਖਾਂ ਬੰਦ ਕਰ

ਬੁੱਲ੍ਹ ਟੁੱਕਦੀ ਹਾਂ

ਮਹਿਸੂਸ ਹੁੰਦਾ
ਅਜੇ ਵੀ ਕੁਝ ਬਾਕੀ ਹੈ

•

ਜਸਵਿੰਦਰ ਸੀਰਤ ਦੀ ਪਹਿਲੀ ਕਾਵਿ-ਪੁਸਤਕ 'ਕੋਇਲਾ' ਛਪੀ ਹੈ। ਮਿੰਦਰ ਨੇ ਉਹਦੀ ਇਸ ਪੁਸਤਕ ਬਾਰੇ ਆਪਣੇ ਪ੍ਰਭਾਵ ਇੰਜ ਪ੍ਰਗਟ ਕੀਤੇ ਹਨ :

"ਤੁਸੀਂ ਇਸ ਕਿਤਾਬ ਦੀਆਂ ਨਜ਼ਮਾਂ ਨੂੰ ਆਪਣੇ ਅੰਦਰਲੇ ਸੱਚ ਨਾਲ ਜੋੜ ਕੇ ਪੜ੍ਹੋ ਤੇ ਦੇਖੋ ਯੁੱਧ-ਦਰ-ਯੁੱਧ ਤੇ ਸ਼ਾਂਤਚਿੱਤ ਅਨੰਦ ਤੇ ਉਸ ਤੋਂ ਵੱਧ ਕਰਫ਼ਿਊ ਭਰੀ ਸ਼ਾਂਤੀ।

...ਇਹ ਕਾਵਿ-ਪੁਸਤਕ ਔਰਤ ਦੇ ਜਿਸਮ ਤੇ ਉਸ ਦੀ ਆਤਮਾ ਤੇ ਉਸ ਦੇ ਸਮੁੱਚੇ ਵਜੂਦ ਦੀ ਸਰਸਰਾਹਟ ਹੈ। ਸੰਤ ਕਵੀਆਂ ਨੇ ਆਪਣੇ ਆਪ ਨੂੰ ਔਰਤ ਕਿਆਸਿਆ—ਔਰਤ ਨੂੰ ਸਮਝਣ ਤੋਂ ਬਿਨਾਂ। ਸੀਰਤ ਦੀ ਸਮਝ ਕਿਸੇ ਗਿਆਨ ਦੀ ਮੁਥਾਜ ਨਹੀਂ ਹੈ। ਮੈਂ ਇਹ ਪਹਿਲਾ ਖਰੜਾ ਪੜ੍ਹਿਆ ਹੈ ਜੋ ਜਿਸਮਾਂ ਨੂੰ ਨੰਗਾ ਨਹੀਂ ਕਰਦਾ ਪਰ ਕੱਪੜੇ ਵੀ ਨਹੀਂ ਪਹਿਨਾਉਂਦਾ।" ਪੇਸ਼ ਨੇ ਪੁਸਤਕ 'ਕੋਇਲਾ' 'ਚੋਂ ਕੁਝ ਕਵਿਤਾਵਾਂ।

-ਸੰਪਾਦਕ

# ਕਵਿਤਾ : ਸੁਖਪਾਲ

## • *ਛੋਟਾ ਖੱਫਣ*

**(ਪਿਸ਼ਾਵਰ ਦੇ ਨਾਂ)**

ਹਿੰਸਾ ਦੀ ਬਣਤਰ (Anatomy) ਆਮ ਤੌਰ ’ਤੇ ਸਪੱਸ਼ਟ ਰਹਿ ਜਾਂਦੀ ਹੈ—ਕਿਸ ਨੇ ਮਾਰਿਆ, ਕਿੰਨੇ ਮਰੇ, ਕੌਣ ਮਰੇ ? ਪਰ ਹਿੰਸਾ ਦੀ ਕਾਰਜ-ਵਿਧੀ (Physiology) ਵਧੇਰੇ ਕਰਕੇ ਅਸਪਸ਼ਟ ਰਹਿ ਜਾਂਦੀ ਹੈ।
ਸੰਨ ਸੰਤਾਲੀ ਤੇ ਨਵੰਬਰ ਚੁਰਾਸੀ ਦੇ ਸਾਕਿਆਂ ਵੇਲੇ ਕੋਈ ਵਿਰਲੀ ਥਾਂ ਸੀ ਜਿਥੇ ਲੋਕਾਂ ਨੇ ਆਪਣੇ ਪਿੰਡ ਦੇ ਬੰਦੇ ਮਾਰੇ ਹੋਣ। ਚੜ੍ਹਦਾ ਭਾਵੇਂ ਲਹਿੰਦਾ ਪੰਜਾਬ—ਬਲਵਈ ਬਹੁਤੀ ਵਾਰੀ ਬਾਹਰੋਂ ਆਉਂਦੇ। ਡੈਮੋਕ੍ਰੇਸੀ ਵਿਚ ਸਿਆਸਤਦਾਨ ਜਾਂ ਸਰਮਾਏਦਾਰ ਆਪਣੇ ਹੱਥੀਂ ਕਿਸੇ ਨੂੰ ਨਹੀਂ ਮਾਰਦਾ। ਬਸ ਮਾਰਨ ਦੀ ਵਿਉਂਤ ਰਚਦਾ ਹੈ। ਮਾਰਨ ਵਾਲੇ ਲਗਭਗ ਉਨ੍ਹਾਂ ਵਰਗੇ ਹੀ ਹੁੰਦੇ ਹਨ ਜਿਨ੍ਹਾਂ ਨੂੰ ਉਹ ਮਾਰਦੇ ਹਨ। ਦੋਹਾਂ ਦੇ ਘਰ ਪਰਿਵਾਰ, ਆਰਥਿਕ ਦਸ਼ਾ ਤੇ ਦੁੱਖ ਸੁਖ—ਉੱਨੀ ਇੱਕੀ ਦੇ ਫ਼ਰਕ ਨਾਲ ਇਕੋ ਜਿਹੇ ਹੁੰਦੇ ਹਨ। ਬਸ ਜਿਹੜਾ (ਮਾਨਸਿਕ) ਲੀਕ ਟੱਪ ਕੇ ਪਰਲੇ ਪਾਸੇ ਚਲਾ ਜਾਂਦਾ ਹੈ, ਉਹਨੂੰ ਆਪਣਾ ‘ਸ਼ਿਕਾਰ’ ਆਪਣੇ ਵਰਗਾ ਦਿਸਣਾ ਬੰਦ ਹੋ ਜਾਂਦਾ ਹੈ। ਜੇਕਰ ਦੂਜਾ ਬੰਦਾ ਆਪਣਾ ਜਾਂ ਆਪਣੇ ਵਰਗਾ ਦਿਸਣ ਲੱਗ ਪਵੇ ਤਾਂ ਹਿੰਸਾ ਕਰਨੀ ਔਖੀ ਹੋ ਜਾਂਦੀ ਹੈ। ਕਵਿਤਾ ਦਾ ਕੰਮ ਏਨਾ ਕੁ ਹੀ ਹੈ—‘ਆਪਣਾ’ ਦਿਖਾਉਣਾ। ਜੇ ਕਵਿਤਾ ਕਰ ਸਕੇ ਤਾਂ...।
ਜੇ ਅਸਾਂ ਕਾਤਲ ਨੂੰ ਆਖਣਾ ਹੈ ਕਿ ਉਹ ਆਪਣੇ ਹੱਥੋਂ ਮਰਨ ਵਾਲਿਆਂ ਨੂੰ ‘ਆਪਣਾ’ ਜਾਣੇ ਤਾਂ ਪਹਿਲਾਂ ਸਾਨੂੰ ਆਪ ਉਸ ਕਾਤਲ ਨੂੰ ਸਾਡਾ ‘ਆਪਣਾ’ ਜਾਨਣਾ, ਸਮਝਣਾ ਤੇ ਕਹਿਣਾ ਪਏਗਾ। ਵਰਨਾ ਸਾਡੇ ਕੋਲ ਕੋਈ ਨੈਤਿਕ ਅਧਿਕਾਰ ਨਹੀਂ, ਉਸ ਨੂੰ ਜਾਂ ਉਸ ਬਾਰੇ ਕੁਝ ਵੀ ਕਹਿਣ ਦਾ। ਹਿੰਸਾ ਦੇ ਵਿਰੋਧ ਜਾਂ ਖ਼ਾਤਮੇ ਦੀ ਸ਼ੁਰੂਆਤ ਕਾਤਲ ਨੂੰ ਮਾਰਨ ਜਾਂ ਬਦਲਣ ਤੋਂ ਨਹੀਂ, ਸਾਡੇ ਆਪਣੇ ਕਰਮ ਜਾਂ ਸ਼ਬਦ ਤੋਂ ਹੁੰਦੀ ਹੈ। ਏਸੇ ਕਰਕੇ ਗੁਰੂ ਗੋਬਿੰਦ ਸਿੰਘ ਨੇ ਭਾਈ ਘਨਈਏ ਨੂੰ ‘ਦੁਸ਼ਮਣਾਂ’ ਨੂੰ ਪਾਣੀ ਪਿਆਉਣੋਂ ਨਹੀਂ ਸੀ ਰੋਕਿਆ। ਨਾ ਹੀ ਘਨਈਏ ਨੂੰ ਏਹ ਆਖਿਆ ਕਿ ਉਹ ਗੁਰੂ ਦੀ ਗਲੀ ਛੱਡ ਕੇ ਬੁੱਧ ਦੀ ਗਲੀ ਜਾ ਰਿਹਾ ਹੈ।
ਕਵੀ ਸਦਾ ਵੱਡੇ ਬੰਦੇ ਨਹੀਂ ਹੁੰਦੇ। ਜੋ ਹੋਣਾ ਹੈ ਉਹ ਕਵੀਆਂ ਕੋਲੋਂ ਨਹੀਂ, ਉਸ ਘਟਨਾ ਹੱਥੋਂ ਹੀ ਹੋ ਜਾਣਾ ਹੈ ਜੋ ਵਾਪਰੀ ਹੈ। ਉਸ ਘਟਨਾ ਤੇ ਕੋਈ ਕਵਿਤਾ ਲਿਖੇ ਜਾਂ ਨਾ ਲਿਖੇ, ਫ਼ਰਕ ਨਹੀਂ ਪੈਣਾ। ਘਟਨਾ ਜਿਹੜਾ ਚੱਕਰ ਚਲਾ ਦੇਂਦੀ ਹੈ, ਉਹ ਆਪਣਾ ਦਾਇਰਾ ਪੂਰਾ ਕਰਕੇ ਹੀ ਹਟਦਾ ਹੈ, ਜਿਵੇਂ ਪਾਣੀ ਵਿਚ ਸੁੱਟਿਆ ਪੱਥਰ ਆਪਣੇ ਹਿੱਸੇ ਦੀਆਂ ਲਹਿਰਾਂ ਜਾਣ ਕੇ ਹੀ ਛੱਡਦਾ ਹੈ, ਭਾਵੇਂ ਉਨ੍ਹਾਂ ਲਹਿਰਾਂ ’ਤੇ ਕੋਈ ਕਵਿਤਾ ਲਿਖੀ ਜਾ ਰਹੀ ਹੋਵੇ ਜਾਂ ਨਾ।
ਇਤਿਹਾਸਕ ਉਦਾਹਰਣ ਵੇਖਣੀ ਹੋਵੇ ਤਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੈ। ਉਹ ਪੰਜਾਬ ਦੀ Watershed Moment ਸੀ। ਪੰਜਾਬੀ ਵਿਚ ਆਖਣਾ ਹੋਵੇ ਤਾਂ ਬੰਨ੍ਹ ਜਾਂ ਕੜ ਤੋੜਨ ਵਾਲੀ, ਜਿਸ ਮਗਰੋਂ ਵਗਦੇ ਪਾਣੀ ਨੂੰ ਕੋਈ ਠੱਲ੍ਹ ਨਹੀਂ ਸਕਦਾ। ਏਸ ਘਟਨਾ ਤੋਂ ਪਹਿਲਾਂ ਵੀ

ਬਹੁਤ ਸ਼ਹੀਦੀਆਂ ਤੇ ਜ਼ੁਲਮ ਹੋਏ ਸਨ। ਪਰ ਜਿਸ ਤਰ੍ਹਾਂ ਏਸ ਘਟਨਾ ਨੇ ਪੰਜਾਬ ਵਿਚ ਵਾਪਰੇ ਜ਼ੁਲਮ ਵਿਰੁੱਧ ਮੋਰਚਾ ਬੰਨ੍ਹਿਆ, ਉਹ ਨਿਵੇਕਲਾ ਸੀ। ਏਹ ਮੋਰਚਾ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਅਗਲੇ ਦਿਨ ਹੀ ਨਹੀਂ ਸੀ ਸ਼ੁਰੂ ਹੋ ਗਿਆ। ਵਿਚਕਾਰ ਕਈ ਵਰ੍ਹਿਆਂ ਦਾ ਫ਼ਾਸਲਾ ਸੀ। ਉਹ ਸਮਾਂ ਉਸ ਅੱਗ ਦਾ ਚੰਗਿਆੜੀ ਤੋਂ ਲਟ-ਲਟ ਹੋਣ ਦੀ ਤਿਆਰੀ ਦਾ ਸੀ। ਸ਼ਾਇਦ ਪਿਸ਼ਾਵਰ ਦੀ ਘਟਨਾ ਵੀ ਸਾਡੇ ਘਰਾਂ ਵਿਚ ਲੱਗੀ ਜਹਾਦੀ ਜੰਗ ਦੀ Watershed Moment ਹੋਵੇ। ਸਮਾਂ ਦੱਸੇਗਾ ਜਾਂ ਸਮਾਂ ਲੱਗੇਗਾ। ਪਰ ਇਹ ਪੱਥਰ ਜੋ ਡਿੱਗਿਆ ਹੈ ਇਹਦਾ ਦਾਇਰਾ ਪੂਰਾ ਹੋ ਕੇ ਹਟੇਗਾ। ਛੋਟੇ ਖੱਫਣ ਦਾ ਬਹੁਤ ਭਾਰ ਹੁੰਦਾ ਹੈ। ਏਨਾ ਭਾਰ ਉਨ੍ਹਾਂ ਤੋਂ ਚੁੱਕਿਆ ਨਹੀਂ ਜਾਣਾ ਜਿਨ੍ਹਾਂ ਦੇ ਹੱਥਾਂ ਵਿਚੋਂ ਨਿਕਲੀ ਗੋਲੀ ਨੇ ਏਹ ਖੱਫਣ ਜਣਿਆ ਹੈ ਜਾਂ ਆਖ ਲਵੋ ਕਿ ਏਹਦਾ ਭਾਰ ਉਨ੍ਹਾਂ ਨੂੰ ਚੁੱਕਣਾ ਹੀ ਪੈਣਾ ਹੈ। ਨਿੱਕਾ ਜਾਂ ਵੱਡਾ—ਹਰ ਕੀਤਾ ਕਰਮ ਉਹ ਗੀਟਾ ਜਾਂ ਪੱਥਰ ਹੈ ਜੋ ਅਸੀਂ ਸਮੇਂ ਦੇ ਪਾਣੀ ਵਿਚ ਸੁੱਟ ਰਹੇ ਹਾਂ। ਮਨੁੱਖ ਬਹੁਤ ਕੁਝ ਤੋਂ ਮੁਕਤ ਹੋ ਸਕਦਾ ਹੈ ਪਰ ਆਪਣੇ ਕੀਤੇ ਕਰਮ ਦੇ ਫ਼ਲ ਤੋਂ ਮੁਕਤ ਨਹੀਂ ਹੋ ਜਾਂਦਾ। ਰਹੀ ਕਵਿਤਾ—ਉਹ ਤਾਂ ਵਰ੍ਹਦੇ ਮੀਂਹ ਵਰਗੀ ਹੈ। ਮੀਂਹ ਕਿੱਥੇ ਡੁਲ੍ਹਿਆ, ਉਹ ਏਹਦਾ ਫ਼ਿਕਰ ਨਹੀਂ ਕਰਦਾ। ਉਹਦਾ ਕਰਮ ਤਾਂ ਡੁੱਲ੍ਹਣ ਤੀਕ ਹੈ। ਹਰ ਪਾਣੀ ਨੇ ਵਹਿ ਕੇ ਆਪਣੇ ਸਮੁੰਦਰ ਤਕ ਪਹੁੰਚ ਹੀ ਜਾਣਾ ਹੈ।

### • *ਛੋਟਾ ਖੱਫਣ*

ਛੋਟਾ ਖੱਫਣ
ਬਹੁਤ ਹੀ ਭਾਰਾ...

ਇਸ ਦਾ ਭਾਰ ਨਹੀਂ ਉਸ ਉੱਤੇ
ਜਿਸ 'ਤੇ ਪਾਇਆ
ਇਸ ਦਾ ਭਾਰ ਉਨ੍ਹਾਂ ਦੇ ਉੱਤੇ
ਜਿਨ੍ਹਾਂ ਪਾਇਆ

ਇਕ ਅਮਾਨਤ ਬਾਲ ਵਰੇਸੀ
ਕੁਦਰਤ ਸਾਨੂੰ ਦਿੱਤੀ
ਦੁੱਧੋਂ ਚਿੱਟੀ ਨੰਗੀ ਸੁੱਚੀ
ਅਸਾਂ ਅਮਾਨਤ ਲਹੂ ਵਿਹਾਈ
ਖੱਫਣ ਪਾ ਰੱਬ ਨੂੰ ਪਰਤਾਈ

ਭਿੰਨੀ ਰੈਣਾ, ਨੰਨ੍ਹੀ ਦੇਹ ਵਿਚ ਜੀਵਨ ਸੁੱਤਾ
ਗੋਦੀ ਚੁੱਕਿਆ ਭਾਰ ਨਾ ਲੱਗਦਾ
ਜਿਸ ਪਲ ਦੇਹ ਵਿਚ ਮਿਰਤੂ ਜਾਗੇ
ਹੱਥਾਂ ਕੁ ਜਿੱਡੀ ਨੂੰ ਹੱਥਾਂ ਉੱਤੇ ਚੁੱਕਿਆਂ
ਦੇਹ ਦਾ ਭਾਰ ਹਿਮਾਲਾ ਜਾਪੇ
ਜਦ ਤੀਕਰ ਲਹੂ ਅੰਦਰ ਵਗਦਾ
ਸਾਨੂੰ ਏਹਦਾ ਪਤਾ ਨਾ ਲੱਗਦਾ
ਜਿਉਂ ਹੀ ਦੇਹ 'ਚੋਂ ਹੋਇਆ ਬਾਹਰ

ਧਰਤੀ ਉੱਪਰ ਵਗੇ ਲਹੂ ਦਾ
ਧਰਤੀ ਉੱਤੇ ਬਹੁਤ ਹੀ ਭਾਰ...

ਗਰਮ ਲਹੂ ਦੀ ਉਮਰੇ ਕਿੰਨਾ ਸੌਖਾ ਕਹਿਣਾ
ਇੱਟ ਦੇ ਬਦਲੇ ਪੱਥਰ ਮਾਰੋ !
ਧੌਲੀ ਉਮਰੇ ਸਹਿਜੇ ਹੀ ਆ ਜਾਂਦਾ ਕਹਿਣਾ
ਤੇਗ ਸਾਮ੍ਹਣੇ ਕਲਮ ਖਲ੍ਹਾਰੋ !

ਪਰ ਜਿਸ ਉਮਰੇ
ਹੱਥੋਂ ਹਾਲੇ ਗੇਂਦ ਨਾ ਛੁੱਟੀ
ਕਲਮ ਦੀ ਮੱਸ ਅਜੇ ਨਾ ਫੁੱਟੀ
ਓਸ ਉਮਰ ਨੂੰ ਕਿੰਜ ਸਮਝਾਈਏ ?
ਵਰ੍ਹਦੀ ਗੋਲੀ—
ਨਿੱਕੇ ਅਤੇ ਨਿਹੱਥੇ ਹੱਥੀਂ
ਕਿੰਜ ਪਰਤਾਈਏ ?

ਆਪਣਾ ਖੱਫਣ ਲੈ ਕੇ
ਕਿਹੜੇ ਦੇਸ ਨੂੰ ਜਾਈਏ ?
ਆਪਣੇ ਖੱਫਣ ਆਪਣੇ ਵਿਹੜੇ ਵਿਚੋਂ
ਆਪਣੇ ਮੋਢੇ ਚੁੱਕੀਏ
ਆਪਣੀ ਜੂਹ ਵਿਚ ਆਣ ਦਬਾਈਏ
ਪਰਤ ਆਪਣੇ ਘਰ ਨੂੰ ਆਪਾਂ
ਆਪਣਿਆਂ ਦੇ ਮੋਢੇ ਲੱਗੀਏ
ਵੈਣ ਆਪਣੇ
ਆਪਣਿਆਂ ਨੂੰ ਸੁਣਾਈਏ...

ਆਪਣਾ-ਆਪਣਾ ਹੀ ਰਹਿੰਦਾ
ਦੂਜਾ ਨਾ ਹੁੰਦਾ
ਟੁੱਟਿਆਂ ਭੱਜਿਆਂ ਟੁੱਕਿਆਂ ਵੱਢਿਆਂ
ਢੱਠਿਆਂ ਵੰਡਿਆਂ ਡਿੱਗਿਆਂ ਵੀ
ਆਪਣਾ ਘਰ ਆਪਣਾ ਹੀ ਰਹਿੰਦਾ
ਸੌ ਰੀਤਾਂ ਹਿੱਸਿਆਂ ਵਿਚ ਟੁੱਟ ਕੇ
ਬੰਦਾ ਫਿਰ ਵੀ ਬੰਦਾ ਰਹਿੰਦਾ...

ਸੀਆ ਸੁੰਨੀ ਸੂਫ਼ੀ ਅਹਿਮਦ
ਖੱਤਰੀ ਪੰਡਤ ਵੈਸ਼ ਬਾਣੀਏ
ਕੂਕੇ ਖਾਲਸ ਨਿਰੰਕਾਰੀਏ
ਸੌ ਹਿੱਸਿਆਂ ਵਿਚ ਟੁੱਟ ਵੰਡ ਕੇ ਵੀ
ਆਪਣਾ ਦੂਜਾ ਨਹੀਂ ਹੁੰਦਾ...

ਮੋਚੀ ਜੱਟ ਘੁਮਿਆਰ ਲੁਹਾਰ
ਧਰਮੀ ਕਾਫ਼ਰ ਚੰਗੇ ਮੰਦੇ
ਸੱਤ ਬੇਗ਼ਾਨੇ, ਵੈਰੀ ਜਾਂ ਫਿਰ ਜਿਗਰੀ ਯਾਰ

ਕਿਸੇ ਲੀਕ ਦੇ ਭਾਵੇਂ ਕਿਸੇ ਵੀ ਪਾਸੇ ਹੋਈਏ
ਬੰਦੇ ਦਾ ਦੁੱਖ ਆਖ਼ਰ ਬੰਦਿਆਂ ਨੂੰ ਹੀ ਹੁੰਦਾ...

ਸ਼ਹਿਰ ਪਿਸ਼ਾਵਰ ਅੰਦਰ ਐਸਾ
ਕਹਿਰ ਕਮਾਵਣ ਵਾਲਿਆ ਯਾਰਾ !
ਕਿਹੜੀ ਪੀੜ ਨੇ ਤੈਨੂੰ ਏਦਾਂ
ਡੰਗਿਆ ਪੁਣਿਆ ਪੱਛਿਆ ਛੱਟਿਆ
ਤੂੰ ਉਸ ਦਾ ਮੁੱਲ ਏਦਾਂ ਵੱਟਿਆ...

ਪਤਾ ਹੈ ਸਾਨੂੰ
ਤੇਰੇ ਘਰ ਨੂੰ ਬਿਨਾ ਕਸੂਰੋਂ
ਕਿਸੇ ਨੇ ਲਾਂਬੂ ਲਾ ਦਿੱਤਾ ਹੈ
ਤੇਰੀਆਂ ਕਿੰਨੀਆਂ ਹੀ ਪੁਸ਼ਤਾਂ ਨੂੰ
ਔਤਰ, ਦੁੱਖ ਅਤੇ ਗ਼ੁਰਬਤ ਦੀ
ਜੂਨੇ ਪਾ ਦਿੱਤਾ ਹੈ

ਤੇਰਾ ਦੁੱਖ ਵੀ ਸਮਝ 'ਚ ਆਵੇ
ਫਿਰ ਵੀ ਏਹ ਗੱਲ ਸਮਝ ਨਾ ਆਵੇ
ਇਕ ਅਨਿਆਂ ਨੂੰ ਦੂਜਾ ਅਨਿਆਂ
ਕੀਕਣ ਸਾਵਾਂ ਕਰਦਾ ?
ਜ਼ਖ਼ਮਾਂ ਉੱਤੇ ਲਹੂ ਦਾ ਫੰਭਾ
ਕਿੱਦਾਂ ਰਾਜ਼ੀ ਕਰਦਾ ?
ਆਪਣਿਆਂ ਨੂੰ 'ਦੂਜਾ' ਕਹਿ ਕੇ
ਦੁੱਖ ਕਿਸ ਤਰ੍ਹਾਂ ਘਟਦਾ ?

ਰਾਹਾਂ ਅਤੇ ਬਰੂਹਾਂ ਨੂੰ
ਘਰਾਂ ਸਕੂਲਾਂ ਪਗਡੰਡੀਆਂ ਨੂੰ
ਅੱਥਰ ਅੱਥਰ ਧੋ ਧੋ ਕੇ ਵੀ
ਤੱਤਾ ਹੋ ਹੋ ਉਬਲ ਉਬਲ ਵੀ
ਲਹੂ ਅਸਾਡਾ ਹਾਲੇ ਤਕ
ਚਿੱਟਾ ਨਹੀਂ ਹੋਇਆ
ਏਸੇ ਕਰਕੇ—
ਤੇਰੇ ਬਖ਼ਸ਼ੇ ਖੱਫਣ ਮੋਢੇ ਚੁੱਕ ਚੁੱਕ ਕੇ ਵੀ
ਸਾਡੇ ਕੋਲੋਂ ਤੈਨੂੰ 'ਦੂਜਾ' ਕਹਿ ਨਹੀਂ ਹੋਇਆ

ਨਿੱਕਾ ਖੱਫਣ
ਬਹੁਤ ਹੀ ਭਾਰਾ...
ਲੱਖ ਦੁੱਖਾਂ ਦੇ ਬਾਵਜੂਦ, ਪਰ
ਆਪਣਿਆਂ ਨੂੰ ਦੂਜਾ ਕਹਿਣਾ
ਸਭ ਤੋਂ ਭਾਰਾ
ਏਸੇ ਵਿਚੋਂ ਵਾਪਰਦਾ ਹੈ
ਘੱਲੂਘਾਰਾ...
•